MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL.: 09 ISSUE: 26 SATURDAY, 26 JUNE, 2021
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਰੈਜ਼ੀਡੈਂਸ਼ੀਅਲ ਸਕੂਲ ਦੇ ਗ੍ਰਾਊਂਡ ਵਿੱਚੋਂ ਮਿਲੀਆਂ 751 ਕਬਰਾਂ



ਟੋਰਾਂਟੋ-ਕਾਓਐਸਿਸ ਫਰਸਟ ਨੇਸ਼ਨ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਸਕੈਚਵਨ ਦੇ ਪੁਰਾਣੇ ਮੈਰੀਵਲ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ ਦੇ ਗ੍ਰਾਊਂਡਜ਼ ਵਿੱਚੋਂ ਬਿਨਾਂ ਨਿਸ਼ਾਨਬੱਧ, ਅੰਦਾਜ਼ਨ 751 ਕਬਰਾਂ ਮਿਲੀਆਂ ਹਨ। ਕਾਓਐਸਿਸ ਫਰਸਟ ਨੇਸ਼ਨ, ਜੋ ਕਿ ਰੇਜਾਈਨਾ ਤੋਂ 164 ਕਿਲੋਮੀਟਰ ਪੂਰਬ ਵੱਲ ਸਥਿਤ ਹੈ, ਨੇ ਪਹਿਲੀ ਜੂਨ ਨੂੰ ਸਕੂਲ ਦੇ ਗ੍ਰਾਊਂਡਜ਼ ਤੇ ਇਸ ਦੇ ਨਾਲ ਲੱਗਦੇ ਏਰੀਆ ਦੀ ਰਡਾਰ ਸਕੈਨਿੰਗ ਸ਼ੁਰੂ ਕੀਤੀ ਸੀ। ਵੀਰਵਾਰ ਨੂੰ ਇਸ ਸਕੈਨਿੰਗ ਦੀਆਂ ਲੱਭਤਾਂ ਰਸਮੀ ਤੌਰ ਉੱਤੇ ਐਲਾਨੀਆਂ ਗਈਆਂ। ਚੀਫ ਕੈਡਮਸ ਡੇਲੋਰਮ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਇਹ ਲੱਭਤਾਂ ਕਿਸੇ ਸਾਂਝੀ ਕਬਰ ਨਾਲ ਸਬੰਧਤ ਨਹੀਂ ਹਨ ਸਗੋਂ ਅਜਿਹੀਆਂ ਕਈ ਕਬਰਾਂ ਦਾ ਵੇਰਵਾ ਹੈ ਜਿਨ੍ਹਾਂ ਦੇ ਹੈੱਡਸਟੋਨਜ਼ ਹਟਾ ਦਿੱਤੇ ਗਏ। ਉਨ੍ਹਾਂ ਆਖਿਆ ਕਿ ਕੈਥੋਲਿਕ ਚਰਚ ਦੇ ਨੁਮਾਇੰਦਿਆਂ ਨੇ ਹੈੱਡਸਟੋਨਜ਼ ਹਟਾ ਦਿੱਤੇ ਤੇ ਹੁਣ ਉਹ ਅਜਿਹੀਆਂ ਕਬਰਾਂ ਹਨ ਜਿਹੜੀਆਂ ਨਿਸ਼ਾਨਬੱਧ ਨਹੀਂ ਹਨ। ਜ਼ਮੀਨ ਦੇ ਹੇਠਾਂ ਪਤਾ ਲਾਉਣ ਵਾਲੇ ਰਡਾਰ ਦੀ ਮਦਦ ਨਾਲ 751 ਕਬਰਾਂ ਦਾ ਪਤਾ

*(ਬਾਕੀ ਸਫ਼ਾ 10 'ਤੇ)*

# ਪਾਰਲੀਮੈਂਟ ਰੁਕਾਵਟ ਤੇ ਜ਼ਹਿਰੀਲੇਪਨ ਦਾ ਸਥਾਨ ਬਣੀ-ਜਸਟਿਨ ਟਰੂਡੋ

## ਪਤਝੜ ਵਿਚ ਚੋਣਾਂ ਦੀਆਂ ਕਿਆਸਰਾਈਆਂ

ਓਟਵਾ-ਲਿਬਰਲ ਨੇ ਉਸ ਦੇ ਘੱਟਗਿਣਤੀ ਏਜੰਡਾ ਪ੍ਰਤੀ ਪਾਰਲੀਮੈਂਟ ਦੇ ਜ਼ਹਿਰੀਲੇ ਹੋਣ ਦਾ ਦੋਸ਼ ਲਾਇਆ ਹੈ ਜਦਕਿ ਵਿਰੋਧੀ ਧਿਰ ਕੰਸਰਵੇਟਿਵ ਦਾ ਕਹਿਣਾ ਕਿ ਟਰੂਡੋ ਦੀ ਸਰਕਾਰ ਤਹਿਤ ਕੈਨੇਡਾ ਦੀਆਂ ਸੰਸਥਾਵਾਂ ਟੁੱਟ ਗਈਆਂ ਹਨ, ਇਸ ਤੋਂ ਚੋਣਾਂ ਦੇ ਪਤਝੜ ਵਿਚ ਹੋਣ ਦੀਆਂ ਵਧ ਰਹੀਆਂ ਕਿਆਸਰਾਈਆਂ ਨੂੰ ਬਲ ਮਿਲਿਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਨ੍ਹਾਂ ਦੇ ਮੰਤਰੀ ਕੰਸਰਵੇਟਿਵ ਨੂੰ ਉਹ ਥੋੜੇ ਜਿਹਾ ਬਕਾਇਆ ਬਿੱਲਾਂ ਨੂੰ ਲੈ ਕੇ ਚੋਣਾਂ ਹੋਣ ਤੋਂ ਰੋਕਣ ਲਈ ਕਹਿ ਰਹੇ ਹਨ ਜਿਹੜੇ ਗਰਮੀਆਂ ਦੀ ਬਰੇਕ ਤੋਂ ਪਹਿਲਾਂ ਹਾਊਸ ਆਫ ਕਾਮਨਜ਼ ਵਿਚ ਪਾਸ ਹੋਣ ਦੀ ਉਡੀਕ ਕਰ ਰਹੇ ਹਨ। ਇਕ ਬਿੱਲ ਜਿਸ ਨੇ ਮੰਗਲਵਾਰ ਨੂੰ ਲੈਜਿਸਲੇਚਰ ਦੀ ਰੁਕਾਵਟ ਪਾਰ ਕਰ ਲਈ, ਸਰਕਾਰ ਦੀ ਐਲਜੀਬੀਟੀਕਿਊ ਪਛਾਣ ਬਦਲ ਕੇ ਹੀਟਰੋਸੈਕਸੂਅਲ ਕਰਨ ਦੀ ਵਿਆਪਕ ਨਿੰਦਾ 'ਤੇ ਪ੍ਰਸਤਾਵਤ ਪਾਬੰਦੀ ਸੀ। ਇਹ ਬਿੱਲ ਗਰਮੀਆਂ ਵਿਚ ਹਾਊਸ ਆਫ ਕਾਮਨਜ਼ ਦੇ ਉਠ ਜਾਣ ਪਿੱਛੋਂ ਪਿਛਲੇ ਪਤਝੜ ਵਿਚ ਲਿਬਰਲਸ ਨੇ ਮੁੜ ਪੇਸ਼ ਕੀਤਾ ਸੀ। ਕਨਵਰਸ਼ਨ ਥੈਰੇਪੀ 'ਤੇ ਪਾਬੰਦੀ ਨੂੰ 263-63 ਵੋਟਾਂ ਦੇ ਫਰਕ ਨਾਲ ਪਾਸ ਕਰ ਦਿੱਤਾ। ਸਾਬਕਾ ਪਾਰਟੀ ਮੈਂਬਰ ਅਤੇ ਆਜ਼ਾਦ ਐਮਪੀ ਡੇਰਕ ਸਲੋਨ ਦੇ ਨਾਲ ਕੇਵਲ ਕੰਸਰਵੇਟਿਵ ਐਮਪੀਜ਼ ਨੇ ਇਸ ਦੇ ਖਿਲਾਫ ਵੋਟ ਦਿੱਤਾ। ਸਾਬਕਾ ਨੇਤਾ ਐਂਡਰਿਊ ਸ਼ੀਰ ਐਲਜੀਬੀਟੀਕਿਊ ਮੁੱਦਿਆਂ ਅਤੇ ਗਰਭਪਾਤ ਬਾਰੇ ਉਸ ਦਾ ਸਟੈਂਡ ਕੀ ਹੈ ਇਸ ਬਾਰੇ ਅਨਿਸ਼ਚਤਤਾ ਬਣੀ ਹੋਈ ਹੈ। ਓਟੂਲ ਨੇ ਕਨਵਰਸ਼ਨ ਥੈਰੇਪੀ ਪਾਬੰਦੀ ਦੇ ਪੱਖ ਵਿਚ ਵੋਟ ਦਿੱਤਾ ਜਦਕਿ ਸ਼ੀਰ ਤੇ ਡਿਪਟੀ ਡਿਲਰੀ ਕੈਂਡਿਸ ਬਰਗੇਨ ਨੇ ਅਜਿਹਾ ਨਹੀਂ ਕੀਤਾ। ਅੱਜ ਇਸ ਤੋਂ ਪਹਿਲਾਂ ਟਰੂਡੋ ਨੇ ਕਿਹਾ ਕਿ ਉਹ ਸਰਕਾਰ ਦੇ ਕੰਮ ਦੀ ਸੰਸਦੀ ਛਾਣਬੀਣ ਦਾ ਸਵਾਗਤ ਕਰਦੇ ਹਨ। 2015 ਵਿਚ ਟਰੂਡੋ ਵਲੋਂ ਪਹਿਲੀ ਬਹੁਮਤ ਵਾਲੀ ਸਰਕਾਰ ਬਣਾਉਣ ਪਿੱਛੋਂ ਅਕਤੂਬਰ ਵਿਚ ਟਰੂਡੋ ਦੇ ਦੁਬਾਰਾ ਚੁਣੇ ਜਾਣ ਨੂੰ ਦੋ ਸਾਲ ਹੋ ਜਾਣਗੇ।



For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜ਼ਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

ANOOP S. BAINS
BARRISTER & SOLICITOR
Suite 214 - 6678 - 152nd St., Surrey B.C.
ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
ਅਸੀਂ ਸਿਰਫ ਆਈ.ਸੀ.ਬੀ.ਸੀ ਦੇ ਕੇਸ ਹੀ ਲੜਦੇ ਹਾਂ
Anoop Bains
604-547-3178
anoop@bainslaw.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

MORTGAGE SPECIALIST!
Residential Construction, Commercial and Private Mortgages
- Pre - Approval available in 24 Hours - rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368-2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."

– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."

– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**

STA has support staff fluent in Punjabi, Hindi and Gujarati.

**Your Needs Come First**

If mobility is a challenge, we can come to you.



**Adam Ueland**
LAWYER

Call Adam on 604-689-8888 to set up a complimentary consultation or visit our website at simpsonthomas.com

We have offices in Vancouver, Surrey/Delta, Abbotsford* and Burnaby.*

*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL.: 09 ISSUE: 26 SATURDAY, 26 JUNE, 2021
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store / Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12.00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਕਾਂਗਰਸ ਹਾਈਕਮਾਨ ਨੇ ਅੰਦਰੂਨੀ ਕਲੇਸ਼ ਦੇ ਖ਼ਾਤਮੇ ਲਈ ਕੈਪਟਨ ਨੂੰ 18 ਨੁਕਾਤੀ ਏਜੰਡਾ ਦਿੱਤਾ

## ਹਾਈਕਮਾਨ ਕਰੇਗੀ ਆਗਾਮੀ ਚੋਣ ਲਈ ਮੁੱਖ ਮੰਤਰੀ ਦੇ ਚਿਹਰੇ ਦਾ ਫੈਸਲਾ

ਚੰਡੀਗੜ੍ਹ-ਕਾਂਗਰਸ ਹਾਈਕਮਾਨ ਨੇ ਪੰਜਾਬ ਕਾਂਗਰਸ ਦੇ ਅੰਦਰੂਨੀ ਕਾਟੋ-ਕਲੇਸ਼ ਨੂੰ ਨਿਬੇੜਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਮਾਂਬੱਧ 'ਹੋਮ ਵਰਕ' ਦੇ ਦਿੱਤਾ ਹੈ। ਹਾਈਕਮਾਨ ਨੇ ਮੁੱਖ ਮੰਤਰੀ ਨੂੰ 18 ਨੁਕਤਿਆਂ 'ਤੇ ਅਧਾਰਿਤ ਏਜੰਡਾ ਦਿੱਤਾ ਹੈ। ਇਹੀ ਨਹੀਂ ਅਮਰਿੰਦਰ ਨੂੰ ਇਹ ਡੇਢ ਦਰਜਨ ਵਾਅਦੇ ਪੂਰੇ ਕਰਨ ਲਈ ਡੈੱਡਲਾਈਨ ਵੀ ਦਿੱਤੀ ਗਈ ਹੈ। ਮੁੱਖ ਮੰਤਰੀ ਖ਼ਿਲਾਫ਼ ਬਾਗੀ ਸੁਰ ਰੱਖਣ ਵਾਲੇ ਵਜ਼ੀਰਾਂ ਅਤੇ ਵਿਧਾਇਕਾਂ ਨੇ ਪਹਿਲਾਂ ਖੜਗੇ ਕਮੇਟੀ ਅਤੇ ਪਿੱਛੋਂ ਰਾਹੁਲ ਗਾਂਧੀ ਕੋਲ ਕੁਝ ਨੁਕਤੇ ਰੱਖੇ ਸਨ, ਜਿਨ੍ਹਾਂ ਦੇ ਆਧਾਰ 'ਤੇ ਇਹ 18 ਨੁਕਾਤੀ ਏਜੰਡਾ ਤਿਆਰ ਕਰਕੇ ਮੁੱਖ ਮੰਤਰੀ ਹੱਥ ਫੜਾਇਆ ਗਿਆ ਹੈ। ਸਿਆਸੀ ਮਾਹਿਰਾਂ ਅਨੁਸਾਰ ਨਵਜੋਤ ਸਿੰਘ ਸਿੱਧੂ ਕਾਂਗਰਸ ਹਾਈਕਮਾਨ ਦੀ ਅੰਦਰੂਨੀ ਪਕੜ ਵਿਚ ਜਾਪਦੇ ਹਨ। ਮੁੱਖ ਮੰਤਰੀ ਨੂੰ ਸੌਂਪੇ 18 ਨੁਕਤਿਆਂ ਵਿਚ ਨਵਜੋਤ ਸਿੱਧੂ ਵੱਲੋਂ ਚੁੱਕੇ ਬਹੁਤੇ ਮਸਲੇ ਵੀ ਸ਼ਾਮਲ ਹਨ। ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਸਮੁੱਚੇ ਮਸਲੇ 'ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦਾ ਮਸ਼ਵਰਾ ਵੀ ਲਿਆ। ਉਸ ਮਗਰੋਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਇੰਦਰਬੀਰ ਬੁਲਾਰੀਆ ਵੀ ਮਿਲੇ ਹਨ। ਸੂਤਰਾਂ ਮੁਤਾਬਕ ਰਾਹੁਲ ਗਾਂਧੀ ਨੇ ਸਮੁੱਚੀ ਤਸਵੀਰ ਨੂੰ ਵਾਚਣ ਮਗਰੋਂ ਆਪਣਾ ਮਨ ਬਣਾ ਲਿਆ ਹੈ। ਪਤਾ ਲੱਗਾ ਹੈ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ 8 ਜੁਲਾਈ ਤੱਕ ਪੰਜਾਬ ਵਿਵਾਦ ਨੂੰ ਖ਼ਤਮ ਕਰ ਦੇਣਗੇ, ਜਿਸ ਲਈ ਹਾਈਕਮਾਨ ਨੇ ਫ਼ਾਰਮੂਲਾ ਤੈਅ ਕਰ ਰੱਖਿਆ ਹੈ। ਚੇਤੇ ਰਹੇ ਕਿ ਰਾਹੁਲ ਗਾਂਧੀ ਨੇ ਨਾਰਾਜ਼ ਵਿਧਾਇਕਾਂ ਤੇ ਵਜ਼ੀਰਾਂ ਨੂੰ



ਮਿਲਣ ਦਾ ਅਮਲ ਮੰਗਲਵਾਰ ਤੋਂ ਸ਼ੁਰੂ ਕੀਤਾ ਸੀ। ਇਨ੍ਹਾਂ ਮੀਟਿੰਗਾਂ ਦੌਰਾਨ ਰਾਹੁਲ ਗਾਂਧੀ ਨੇ ਸਾਰੇ ਆਗੂਆਂ ਨੂੰ ਉਚੇਚੇ ਤੌਰ 'ਤੇ ਪੁੱਛਿਆ ਕਿ ਅਗਲੀ ਚੋਣ ਵਿਚ ਮੁੱਖ ਮੰਤਰੀ ਦਾ ਚਿਹਰਾ ਕਿਸ ਨੂੰ ਬਣਾਇਆ ਜਾਵੇ। ਕੈਪਟਨ ਅਮਰਿੰਦਰ ਬਾਰੇ ਵੀ ਰਾਇ ਜਾਣੀ ਗਈ। ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਨ ਮਗਰੋਂ ਦੱਸਿਆ ਕਿ ਬਰਗਾੜੀ ਅਤੇ ਨਸ਼ਿਆਂ ਦੇ ਮੁੱਦੇ ਸਮੇਤ ਡੇਢ ਦਰਜਨ ਮੁੱਦਿਆਂ ਨੂੰ ਸਮਾਂਬੱਧ ਤਰੀਕੇ ਨਾਲ ਹੱਲ ਕਰਨ ਵਾਸਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਗਿਆ ਹੈ। ਰਾਵਤ ਨੇ ਉਚੇਚੇ ਤੌਰ 'ਤੇ ਰੇਤ ਮਾਫੀਏ, ਟਰਾਂਸਪੋਰਟ ਮਾਫੀਆ ਤੇ ਬਿਜਲੀ ਸਮਝੌਤਿਆਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਮਾਮਲੇ ਵਿਚ ਜੋ ਬਾਕੀ ਬਚ ਗਏ ਹਨ, ਉਨ੍ਹਾਂ ਖ਼ਿਲਾਫ਼ ਕਾਰਵਾਈ ਲਈ ਆਖਿਆ ਗਿਆ ਹੈ। ਰਾਵਤ ਨੇ ਦੱਸਿਆ ਕਿ ਦਲਿਤ ਤੇ ਗਰੀਬ ਲੋਕਾਂ ਨੂੰ ਕਰਜ਼ ਮੁਆਫੀ, ਜ਼ਮੀਨਾਂ ਦੇ ਮਾਲਕਾਨਾ ਹੱਕ, ਵਜ਼ੀਫਾ ਅਤੇ ਸ਼ਹਿਰੀ ਖੇਤਰ ਵਿਚ ਪਰਿਵਾਰਾਂ ਨੂੰ 200 ਯੂਨਿਟ ਮੁਫ਼ਤ ਬਿਜਲੀ ਦਾ ਵਾਅਦਾ ਪੂਰਾ ਕਰਨ ਲਈ ਕਿਹਾ ਗਿਆ ਹੈ। ਬਰਗਾੜੀ ਮਾਮਲੇ ਨੂੰ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਪੂਰਾ ਕਰਨ ਦੀ ਹਦਾਇਤ ਕੀਤੀ ਗਈ ਹੈ। ਬਿਜਲੀ ਸਮਝੌਤਿਆਂ ਦੇ ਮਾਮਲੇ ਬਾਰੇ ਵੀ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਨੂੰ ਲੋੜ ਪੈਣ 'ਤੇ ਬੁਲਾਇਆ ਜਾਵੇਗਾ ਅਤੇ ਜੋ ਸਿੱਧੂ ਨੇ ਬਿਆਨਬਾਜ਼ੀ ਕੀਤੀ ਹੈ, ਉਸ ਦੀ ਸਮੀਖਿਆ ਕਰਕੇ ਸਲਾਹ ਜਾਂ ਨਿਰਦੇਸ਼ ਦੇ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਤਿੰਨ ਮੈਂਬਰੀ ਕਮੇਟੀ ਨੇ ਆਪਣੀ ਤਫ਼ਸੀਲੀ ਰਿਪੋਰਟ ਦਿੱਤੀ ਹੋਈ ਹੈ ਅਤੇ ਹਾਈਕਮਾਨ ਜਲਦੀ ਫੈਸਲਾ ਲਵੇਗੀ। ਪਤਾ ਲੱਗਾ ਹੈ ਕਿ ਹਰੀਸ਼ ਰਾਵਤ ਨੇ ਇਹ ਵੀ ਕਿਹਾ ਹੈ ਕਿ ਨਵਜੋਤ ਸਿੱਧੂ ਨੂੰ ਪਾਰਟੀ ਵਿਚ ਜ਼ਿੰਮੇਵਾਰੀ ਦਿੱਤੀ ਜਾਵੇਗੀ ਅਤੇ ਉਸ ਦੀ ਸਮਰੱਥਾ ਦੀ ਵਰਤੋਂ ਕੀਤੀ ਜਾਵੇਗੀ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਈਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਬੀ.ਸੀ. ਵਿਚ ਦਿਨ-ਬ-ਦਿਨ ਘਟ ਰਹੀ ਹੈ ਕੋਰੋਨਾ ਪੀੜਤਾਂ ਗਿਣਤੀ



ਸਰੀ (ਹਰਦਮ ਮਾਨ)-ਬੀ. ਸੀ. ਵਿਚ ਅੱਜ ਕੋਵਿਡ-19 ਦੇ 87 ਨਵੇਂ ਕੇਸ ਸਾਹਮਣੇ ਆਏ ਹਨ ਅਤੇ ਇਹ ਪੰਜਵਾਂ ਦਿਨ ਹੈ ਜਦੋਂ ਨਵੇਂ ਕੋਰੋਨਾ ਪੀੜਤਾਂ ਦੀ ਗਿਣਤੀ 100 ਤੋਂ ਘੱਟ ਰਹੀ ਹੈ। ਬੀਤੇ 24 ਘੰਟਿਆਂ ਵਿਚ ਇਕ ਕੋਰੋਨਾ ਪੀੜਤ ਦੀ ਮੌਤ ਹੋਈ ਹੈ। ਬੀ. ਸੀ. ਦੀ ਪ੍ਰੋਵਿੰਸ਼ੀਅਲ ਹੈਲਥ ਅਫ਼ਸਰ ਡਾ। ਬੌਨੀ ਹੈਨਰੀ ਨੇ ਦੱਸਿਆ ਹੈ ਕਿ ਇਸ ਸਮੇਂ ਬੀਸੀ ਦੇ ਹਸਪਤਾਲਾਂ ਵਿਚ 109 ਕੋਰੋਨਾ ਪੀੜਤ ਦਾਖ਼ਲ ਹਨ, ਜਿਨ੍ਹਾਂ ਵਿੱਚੋਂ 41 ਨੂੰ ਆਈ. ਸੀ. ਯੂ. 'ਚ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਬੀ ਸੀ। 'ਚ ਵੈਕਸੀਨ ਦੇ 4,570,153 ਟੀਕੇ ਲਾਏ ਜਾ ਚੁੱਕੇ ਹਨ ਅਤੇ 77।2 ਪ੍ਰਤੀਸ਼ਤ ਲੋਕ ਵੈਕਸੀਨ ਦਾ ਪਹਿਲਾ ਟੀਕਾ ਲੁਆ ਚੁੱਕੇ ਹਨ। ਸੂਬੇ ਵਿਚ ਵੈਕਸੀਨ ਦੇ ਦੋਵੇਂ ਟੀਕੇ ਲੁਆਉਣ ਵਾਲਿਆਂ ਦੀ ਗਿਣਤੀ ਵੀ ਇੱਕ ਮਿਲੀਅਨ ਤੋਂ ਜ਼ਿਆਦਾ ਹੋ ਗਈ ਹੈ।

# ਸਰਬਜੀਤ ਨੂੰ ਦਿਨ-ਰਾਤ ਬਿਨਾ ਸੁੱਤਿਆਂ ਟਰੱਕ ਚਲਾਉਣਾ ਪਿਆ ਮਹਿੰਗਾ

## ਭਾਰਤ ਵੀ ਵਾਪਸ ਭੇਜਿਆ ਜਾ ਸਕਦਾ ਹੈ

ਕੈਲਗਰੀ (ਕਮਲਜੀਤ ਬੁੱਟਰ)-24 ਜੂਨ 2016 ਵਾਲੇ ਦਿਨ ਓਂਟੈਰੀਓ ਦੇ ਹਾਇਵੇਅ 400 ਉੱਪਰ ਹੋਏ ਇਕ ਸੜਕ ਹਾਦਸੇ ਦੇ ਸੰਬੰਧ ਵਿੱਚ ਚੱਲ ਰਹੀ ਅਦਾਲਤੀ ਕਾਰਵਾਈ ਵਿੱਚ ਦੱਸਿਆ ਗਿਆ ਹੈ ਕਿ ਟਰੱਕ ਚਾਲਕਾਂ ਨੂੰ ਕੰਮ ਦੇ ਦਬਾਅ ਹੇਠ ਬਿਨਾ ਨੀਂਦ ਪੂਰੀ ਕੀਤਿਆਂ ਡ੍ਰਾਇਵਿੰਗ ਕਰਨੀ ਪੈਂਦੀ ਹੈ ਤੇ ਨਾਲ ਹੀ ਇਹ ਵੀ ਦੱਸਿਆ ਗਿਆ ਹੈ ਕਿ ਡ੍ਰਾਇਵਿੰਗ ਕਰਦੇ ਸਮੇਂ ਟਰੱਕ ਚਾਲਕ ਲੰਬੀ ਲੰਬੀ ਦੇਰ ਤੱਕ ਟੈਲਿਫੋਨ 'ਤੇ ਗੱਲਾਂ ਕਰਦੇ ਹਨ। ਇਸ ਸੜਕ ਹਾਦਸੇ ਵਿੱਚ ਦੋਸ਼ਾਂ ਦਾ ਸਾਹਮਣਾ ਕਰ ਰਹੇ 40 ਸਾਲਾ ਟਰੱਕ ਡ੍ਰਾਇਵਰ ਸਰਬਜੀਤ ਮਠਾਰੂ ਨੇ ਅਦਾਲਤ ਨੂੰ ਦੱਸਿਆ ਕਿ ਟ੍ਰਕਿੰਗ ਇੰਡਸਟਰੀ ਵਿੱਚ ਡਲਿਵਰੀ ਸਮੇਂ ਸਿਰ ਪਹੁੰਚਾਉਣ ਦਾ ਦਬਾਅ ਬਣਾ ਕੇ ਟਰੱਕ ਚਾਲਕਾਂ ਨੂੰ ਗ਼ਲਤ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਤੇ ਉਹ ਰੈਕਰਡ ਵਿੱਚ ਹੇਰਾਫੇਰੀ ਕਰਦੇ ਹਨ। ਮਠਾਰੂ, ਹਾਦਸੇ ਵਾਲੇ ਦਿਨ 2 ਘੰਟੇ ਦੀ ਨੀਂਦ ਲੈ ਕੇ 2100 ਕਿਲੋਮੀਟਰ ਦਾ ਸਫ਼ਰ ਪੂਰਾ ਕਰ ਚੁੱਕਿਆ ਸੀ ਤੇ 26 ਘੰਟਿਆਂ ਤੋਂ ਟ੍ਰਕ ਚਲਾਉਂਦਾ ਆ ਰਿਹਾ ਸੀ। ਉਸ ਨੇ ਖੜ੍ਹੀ ਕਾਰ ਵਿੱਚ ਟਰੱਕ ਮਾਰ ਦਿੱਤਾ ਤੇ ਕਈ ਹਾਦਸੇ ਹੋ ਗਏ ਤੇ ਅੱਗ ਲੱਗ ਗਈ। ਇਸ ਹਾਦਸੇ ਵਿੱਚ 4 ਮੌਤਾਂ ਹੋ ਗਈਆਂ ਸਨ ਤੇ ਕਈ ਹੋਰ ਜ਼ਖ਼ਮੀ ਹੋਏ ਸਨ। ਧਮਾਕਾ ਹੋਣ ਪਿੱਛੋਂ ਅੱਗ ਲੱਗ ਗਈ ਸੀ। ਮਠਾਰੂ ਕੋਲ ਕੈਨੇਡਾ ਦੀ ਪਰਮਾਨੈਂਟ ਰੈਜ਼ਿਡੈਂਸੀ ਹੈ ਤੇ ਇਸ ਮਾਮਲੇ ਵਿੱਚ ਦੋਸ਼ੀ ਪਾਏ ਜਾਣ 'ਤੇ ਉਸ ਨੂੰ ਭਾਰਤ ਵਾਪਸ ਜਾਣਾ ਪੈ ਸਕਦਾ ਹੈ। ਅਦਾਲਤ ਵਿੱਚ ਵਿਕਟਿਮ ਇਮਪੈਕਟ ਸਪੀਚਿਜ਼ ਪੜ੍ਹ ਕੇ ਸੁਣਾਈਆਂ ਗਈਆਂ। ਮਠਾਰੂ ਦੇ ਦੋ ਬੱਚੇ ਹਨ ਤੇ ਉਹ ਸਾਲ 2009 ਵਿੱਚ ਕੈਨੇਡਾ ਆਇਆ ਸੀ।



# ਕੈਨੇਡੀਅਨ ਮੂਲ ਨਿਵਾਸੀਆਂ ਦੇ ਭਲੇ ਲਈ ਟਰੂਡੋ ਸਰਕਾਰ ਫੇਲ ਸਾਬਤ ਹੋ ਰਹੀ-ਜਗਮੀਤ ਸਿੰਘ

## ਨੈਸ਼ਨਲ ਇੰਡਿਜਿਨਸ ਪੀਪਲਜ਼ ਡੇਅ ਮੌਕੇ ਹੋਈ ਚਰਚਾ

ਕੈਲਗਰੀ (ਕਮਲਜੀਤ ਬੁੱਟਰ)- ਫੈਡਰਲ ਐਨ. ਡੀ. ਪੀ. ਲੀਡਰ ਜਗਮੀਤ ਸਿੰਘ ਨੇ ਲਿਬਰਲ ਸਰਕਾਰ 'ਤੇ ਜ਼ੋਰਦਾਰ ਹਮਲਾ ਕਰਦਿਆਂ ਕਿਹਾ ਹੈ ਕਿ ਮੂਲ ਨਿਵਾਸੀਆਂ ਪ੍ਰਤੀ ਕੀਤੇ ਗਏ ਪਿਛਲੇ ਜੁਰਮਾਂ ਅਤੇ ਪਾਪਾਂ ਤੋਂ ਸਬਕ ਸਿਖਦਿਆਂ, ਉਹਨਾਂ ਨਾਲ ਰਿਸ਼ਤਿਆਂ ਨੂੰ ਵਧੀਆ ਬਣਾਉਣ, ਉਹਨਾਂ ਨਾਲ ਸਹੀ ਸਲੂਕ ਕਰਨ ਆਦਿ ਦੇ ਮਾਮਲੇ ਵਿੱਚ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ ਤੇ ਉਸ ਦੀ ਕਹਿਣੀ ਤੇ ਕਰਨੀ ਵਿੱਚ ਬਹੁਤ ਵੱਡਾ ਫ਼ਰਕ ਹੈ। ਜਗਮੀਤ ਸਿੰਘ ਨੇ ਕਿਹਾ ਕਿ ਬੀਤੇ ਦਿਨ ਨੈਸ਼ਨਲ ਇੰਡਿਜਿਨਸ ਪੀਪਲਜ਼ ਡੇਅ ਮੌਕੇ ਸਰਕਾਰ ਦਾ ਰੈਕਰਡ ਖੋਲ੍ਹ ਕੇ ਵਿਖਾਉਣਾ ਚਾਹੀਦਾ ਹੈ ਤੇ ਸਰਕਾਰ ਪਖੰਡ ਰਚ ਰਹੀ ਕਿ ਉਸ ਨੇ ਇਹਨਾਂ ਲਈ ਬਹੁਤ ਕੁਝ ਕੀਤਾ ਹੈ। ਨੁਨਾਵਟ ਤੋਂ ਐਨਡੀਪੀ ਐਮਪੀ ਮੁਮਿਲਾਕ ਕੇਕਾਕ ਨੇ ਕਿਹਾ ਕਿ ਫੈਡਰਲ ਸਰਕਾਰ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ 6 ਸਾਲ ਸਰਕਾਰ ਵਿੱਚ ਰਹਿਣ ਦੇ ਬਾਵਜੂਦ ਮੂਲ ਨਿਵਾਸੀਆਂ ਲਈ ਸਿਰਫ਼ ਲਿਪ ਸਰਵਿਸ ਹੀ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਮੂਲ ਨਿਵਾਸੀਆਂ ਲਈ ਉਹਨਾਂ ਦਾ ਆਪਣਾ ਦਿਨ ਹੀ ਉਹਨਾਂ ਨੂੰ ਉਦਾਸ ਕਰ ਗਿਆ ਹੈ।



NASIR CLOTH STORE
ਅਸਲੀ ਪਾਕਿਸਤਾਨੀ ਸੂਤੀ, ਊਨੀ ਅਤੇ ਸਿਲਕ
We Provide Tailoring Services
Ladies & Gents
Party Wear
Bridal Wear
Suits
Sherwani
Special Pakistani
Wool, Cotton & Silk
T: 236-880-2870
#6 - 13791 - 72 Ave., Surrey BC



JJB INSURANCE
Sarban Singh Sidhu
604-507-6866 #1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
BBB ACCREDITED BUSINESS
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

HOUSE INSURANCE UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available



BUSY BOYS ELECTRICAL LTD.
• Multi-Fmaily Homes
• Town Homes
• Apartment Buildings
• High Rise Buildings
• Commercial Buildings
• Fire Alarm
• High Voltage Vault Service & Annual Operating Permits
• Single Family Homes & Home Automation
C: 604.837.3101
O: 778.590.5906
#111-8132 130th St., Surrey BC
busyboyslectrical@gmail.com
www.busyboyselectrical.com
ਇਲੈਕਟ੍ਰੀਕਲ ਦਾ ਸਮਾਨ ਵਧੀਆ ਅਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ





## ਪੂਰਾ ਟੀਕਾਕਰਣ ਕਰਵਾਉਣ ਵਾਲੇ ਕੈਨੇਡੀਅਨਾਂ ਲਈ ਖ਼ਤਰਾ-ਮੁਲਾਂਕਣ ਟੂਲ ਛੇਤੀ-ਟੈਮ



ਓਟਵਾ-ਚੀਫ਼ ਪਬਲਿਕ ਹੈਲਥ ਅਫਸਰ ਡਾ. ਥੈਰੇਸਾ ਟੈਮ ਨੇ ਕਿਹਾ ਕਿ ਉਹ ਛੇਤੀ ਹੀ ਪੂਰੀ ਤਰ੍ਹਾਂ ਟੀਕਾਕਰਣ ਕਰਵਾ ਚੁੱਕੇ ਕੈਨੇਡੀਅਨਾਂ ਨੂੰ ਸਲਾਹ ਦੇਣਗੇ ਕਿ ਉਹ ਸੁਰੱਖਿਆ ਲਈ ਕੀ ਕਰ ਸਕਦੇ ਹਨ ਪਰ ਇਹ ਕਰਨ ਵਾਲੀ ਕੋਈ ਬਲੈਂਕਟ ਸੂਚੀ ਨਹੀਂ ਹੋਵੇਗੀ ਅਤੇ ਇਸ ਦੇ ਘੇਰ ਵਿਚ ਹਰ ਕੋਈ ਅਤੇ ਹਰੇਕ ਥਾਂ ਨਹੀਂ ਆਵੇਗੀ। ਕੈਨੇਡਾ ਇਕ ਖ਼ਤਰਾ ਮੁਲਾਂਕਣ ਟੂਲ ਦੀ ਭਾਲ ਕਰ ਰਿਹਾ ਹੈ ਜਿਹੜਾ (ਬਾਕੀ ਸਫ਼ਾ 9 'ਤੇ)

## ਸੋਸ਼ਲ ਮੀਡੀਆ ਤੇ ਸਟਰੀਮਿੰਗ ਨੂੰ ਰੈਗੂਲੇਟ ਕਰਨ ਲਈ ਲਿਬਰਲ ਵਲੋਂ ਬਿੱਲ ਸੀ-ਪਾਸ



ਓਟਵਾ-ਕੈਨੇਡੀਅਨ ਕਾਨੂੰਨ ਘਾੜਿਆਂ ਨੇ ਵਿਵਾਦਪੂਰਣ ਬਿੱਲ ਪਾਸ ਕਰ ਦਿੱਤਾ ਜਿਸ ਦਾ ਉਦੇਸ਼ ਮੀਡੀਆ ਸਟਰੀਮਿੰਗ ਸੇਵਾਵਾਂ ਅਤੇ ਫੇਸਬੁੱਕ ਅਤੇ ਯੂਟਿਊਬ ਵਰਗੇ ਸੋਸ਼ਲ ਪਲੇਟਫਾਰਮਸ ਵਲੋਂ ਦਿੱਤੇ ਜਾਂਦੇ ਪ੍ਰੋਗਰਾਮਿੰਗ ਨੂੰ ਰੈਗੂਲੇਟ ਕਰਨਾ ਹੈ, ਉਧਰ ਆਲੋਚਕਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਉਪਾਅ ਵਿਅਕਤੀਗਤ ਭਾਸ਼ਣ ਦੀ ਉਲੰਘਣਾ ਕਰ ਸਕਦੇ ਹਨ। (ਬਾਕੀ ਸਫ਼ਾ 9 'ਤੇ)



# ਕੈਨੇਡਾ ਡੇਅ ਨੂੰ ਰੱਦ ਕਰਨ ਦੇ ਖ਼ਿਲਾਫ਼ ਹਾਂ-ਓਟੂਲ

ਓਟਵਾ-ਆਪਣੇ ਕਾਕਸ ਨੂੰ ਸੰਬੋਧਨ ਕਰਦਿਆਂ ਹੋਇਆਂ ਕੰਜ਼ਰਵੇਟਿਵ ਆਗੂ ਐਰਿਨ ?ਟੂਲ ਨੇ ਆਖਿਆ ਕਿ ਉਹ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਤੋਂ ਮਿਲੇ ਮੂਲਵਾਸੀ ਬੱਚਿਆਂ ਦੇ ਪਿੰਜਰਾਂ ਦੇ ਸਬੰਧ ਵਿੱਚ ਕੈਨੇਡਾ ਡੇਅ ਦੇ ਜਸ਼ਨਾਂ ਨੂੰ ਰੱਦ ਕਰਨ ਦੇ ਬਿਲਕੁਲ ਉਲਟ ਹਨ। ਬੁੱਧਵਾਰ ਨੂੰ ?ਟੂਲ ਨੇ ਆਖਿਆ ਕਿ ਭਾਵੇਂ ਇਹ ਖੋਜ ਕਾਫੀ ਹੌਲਨਾਕ ਸੀ ਤੇ ਮੂਲਵਾਸੀਆ ਨਾਲ ਸੁਲ੍ਹਾ ਕਰਨਾ ਵੀ ਸਹੀ ਹੈ ਤੇ ਅਸੀਂ ਸਾਰੇ ਇਸ ਨੂੰ ਲੈ ਕੇ ਚਿੰਤਤ ਵੀ ਹਾਂ ਪਰ ਇਹ ਸੱਭ ਕਿਸੇ ਦੇਸ਼ ਦੇ ਜਸ਼ਨਾਂ ਨੂੰ ਮਨਾਉਣ ਦੀ ਕੀਮਤ ਉੱਤੇ ਤਾਂ ਨਹੀਂ ਹੋਣਾ ਚਾਹੀਦਾ। ?ਟੂਲ ਨੇ ਆਖਿਆ ਕਿ ਉਹ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਅਤੀਤ ਤੇ ਮੌਜੂਦਾ ਸਮੇਂ ਵਿੱਚ ਹੋਈ ਨਾਇਨਸਾਫੀ ਨੂੰ ਲੈ ਕੇ ਸਮਾਜ ਸੇਵਕਾਂ ਦੇ ਨਿੱਕੇ ਨਿੱਕੇ ਗਰੁੱਪ ਇਸ ਹੱਦ ਤੱਕ ਆਵਾਜ਼ ਬੁਲੰਦ ਕਰਦੇ ਹਨ ਕਿ ਉਹ ਇੱਕ ਤਰ੍ਹਾਂ ਕੈਨੇਡਾ ਉੱਤੇ ਹੀ ਹਮਲੇ ਦੇ ਬਰਾਬਰ ਹੁੰਦਾ ਹੈ। ਇਸ ਹਫਤੇ ਅਸੀਂ ਕੈਨੇਡਾ ਡੇਅ ਰੱਦ ਹੋਣ ਦੀਆਂ ਖਬਰਾਂ ਵੇਖੀਆਂ। ਓਟੂਲ ਨੇ ਆਖਿਆ ਕਿ ਕੈਨੇਡਾ ਡੇਅ, ਜਿਸ ਦਿਨ ਅਸੀਂ ਜਸ਼ਨ ਮਨਾਉਂਦੇ ਹਾਂ, ਜਦੋਂ ਹਰ ਤਰ੍ਹਾਂ ਦੇ ਪਿਛੋਕੜ ਵਾਲੇ ਕੈਨੇਡੀਅਨ ਇੱਕਜੁੱਟ ਹੋ ਕੇ ਦੁਨੀਆ ਦੇ ਸੱਭ ਤੋਂ ਮਹਾਨ ਮੁਲਕ ਵਿੱਚ ਰਹਿਣ ਦਾ ਧੰਨਵਾਦ ਕਰਦੇ ਹਨ ਉਸ ਨੂੰ ਨਾ ਮਨਾਇਆ ਜਾਣਾ ਗਲਤ ਹੈ। ਉਨ੍ਹਾਂ ਆਖਿਆ ਕਿ ਕੈਨੇਡਾ ਡੇਅ ਨੂੰ ਰੱਦ ਕਰਨ ਦੀਆਂ ਆਵਾਜ਼ਾਂ ਉੱਠਣ ਉੱਤੇ ਉਹ ਚੁੱਪ ਕਿਵੇਂ ਰਹਿ ਸਕਦੇ ਹਨ ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਕੈਨੇਡੀਅਨ ਹੋਣ ਉੱਤੇ ਬੜਾ ਮਾਣ ਹੈ ਤੇ ਉਹ ਇਹੋ ਜਿਹੇ ਲੋਕਾਂ ਨੂੰ ਜਾਣਦੇ ਹਨ ਜਿਨ੍ਹਾਂ ਨੂੰ ਕੈਨੇਡਾ ਉੱਤੇ ਮਾਣ ਹੈ।

## ਫੋਰਡ ਨੇ ਲਵਾਇਆ ਵੈਕਸੀਨ ਦਾ ਦੂਜਾ ਸ਼ੌਟ

ਟੋਰਾਂਟੋ-ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਇਟੋਬੀਕੋ ਵਿੱਚ ਸਥਿਤ ਫਾਰਮੇਸੀ ਤੋਂ ਵੀਰਵਾਰ ਦੁਪਹਿਰ ਨੂੰ ਐਸਟ੍ਰਾਜ਼ੈਨੇਕਾ ਦਾ ਦੂਜਾ ਸ਼ੌਟ ਲਵਾਇਆ। ਪ੍ਰੀਮੀਅਰ ਨੇ ਦੂਜਾ ਸ਼ੌਟ ਲਵਾਉਣ ਤੋਂ ਬਾਅਦ ਫਰੰਟ ਲਾਈਨ ਹੈਲਥ ਕੇਅਰ ਵਰਕਰਜ਼ ਦਾ ਧੰਨਵਾਦ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਕੋਵਿਡ-19 ਵੈਕਸੀਨੇਸ਼ਨ ਕਰਵਾਉਣ ਵਾਲੇ ਸਾਰੇ ਓਨਟਾਰੀਓ ਵਾਸੀਆਂ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ?ਨਟਾਰੀ? ਵਾਸੀਆਂ ਨੂੰ ਆਖਿਆ ਕਿ ਜੇ ਅਜੇ ਤੱਕ ਕਿਸੇ ਨੇ ਵੈਕਸੀਨੇਸ਼ਨ ਦੀ ਪਹਿਲੀ ਡੋਜ਼ ਨਹੀਂ ਲਈ ਹੈ ਤਾਂ ਉਹ ਜਾ ਕੇ ਅਜਿਹਾ ਕਰਨ ਤੇ ਜੇ ਪਹਿਲੀ ਡੋਜ਼ ਲੈ ਚੁੱਕੇ ਹਨ ਤਾਂ ਦੂਜੀ ਡੋਜ਼ ਜ਼ਰੂਰ ਲਵਾਉਣ। ਫੋਰਡ ਨੇ ਆਪਣੀ ਪਹਿਲੀ ਡੋਜ਼ 9 ਅਪਰੈਲ ਨੂੰ ਲਵਾਈ ਸੀ। ਇੱਕ ਹਫਤੇ ਪਹਿਲਾਂ ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ (ਐਨ ਏ ਸੀ ਆਈ) ਨੇ ਇਹ ਸਿਫਾਰਸ਼ ਕੀਤੀ ਸੀ ਕਿ ਜਿਸ ਕਿਸੇ ਨੇ ਆਕਸਫੋਰਡ ਐਸਟ੍ਰਾਜ਼ੈਨੇਕਾ ਦੀ ਆਪਣੀ ਪਹਿਲੀ ਡੋਜ਼ ਹਾਸਲ ਕਰ ਲਈ ਹੈ ਉਹ ਐਮਆਰਐਨਏ ਵੈਕਸੀਨ, ਜਿਵੇਂ ਕਿ ਫਾਈਜ਼ਰ-ਬਾਇਓਐਨਟੈਕ ਜਾਂ ਮੌਡਰਨਾ ਦੀ ਦੂਜੀ ਡੋਜ਼ ਲਵਾ ਸਕਦਾ ਹੈ। ਇਸ ਸਿਫਾਰਸ਼ ਕਾਰਨ ਓਨਟਾਰੀਓ ਵਾਸੀਆਂ ਵਿੱਚ ਭੰਬਲਭੂਸਾ ਪੈਦਾ ਹੋ ਗਿਆ ਸੀ ਤੇ ਉਹ ਪਰੇਸ਼ਾਨ ਵੀ ਹੋ ਗਏ ਸਨ। ਇੱਥੇ ਦੱਸਣਾ ਬਣਦਾ ਹੈ ਕਿ ਅਹਿਤਿਆਤਨ ਮਈ ਦੇ ਸ਼ੁਰੂ ਵਿੱਚ ਹੀ ਐਸਟ੍ਰਾਜ਼ੈਨੇਕਾ ਦੀ ਪਹਿਲੀ ਡੋਜ਼ ਲਾਉਣੀ ਬੰਦ ਕਰ ਦਿੱਤੀ ਗਈ ਸੀ ਤੇ ਬਾਕੀ ਦੀ ਸਪਲਾਈ ਨੂੰ ਸੈਕਿੰਡ ਡੋਜ਼ ਲਈ ਰੱਖ ਲਿਆ ਗਿਆ ਸੀ।



## ਬਰੈਂਪਟਨ 'ਚ ਹੋਏ ਕਤਲ ਵਿਚ ਸ਼ਾਮਲ ਦੂਜਾ ਮਸ਼ਕੂਕ ਅਲਬਰਟਾ ਤੋਂ ਕਾਬੂ

ਬਰੈਂਪਟਨ-ਅਗਸਤ 2020 ਵਿੱਚ ਬਰੈਂਪਟਨ ਵਿੱਚ ਹੋਏ ਕਤਲ ਦੇ ਸਬੰਧ ਵਿੱਚ ਪੀਲ ਰੀਜਨਲ ਪੁਲਿਸ ਨੇ ਦੂਜੇ ਮਸ਼ਕੂਕ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਅਨੁਸਾਰ 56 ਸਾਲਾ ਸੰਗੀਤਾ ਸ਼ਰਮਾ 13 ਅਗਸਤ ਨੂੰ ਟਰੀਲਾਈਨ ਬੋਲੀਵੀਆਰਡ ਸਥਿਤ ਆਪਣੇ ਘਰ ਦੇ ਬਾਹਰ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲੀ ਸੀ। ਉਸ ਨੂੰ ਤੁਰੰਤ ਟਰੌਮਾ ਸੈਂਟਰ ਲਿਜਾਇਆ ਗਿਆ ਜਿੱਥੇ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਈ। 4 ਜੂਨ ਨੂੰ ਸੰਗੀਤਾ ਦੀ ਹੋਈ ਮੌਤ ਦੇ ਸਬੰਧ ਵਿੱਚ ਪੁਲਿਸ ਨੇ ਲੰਡਨ ਦੇ 19 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਸੀ। ਹੁਣ ਲੰਡਨ ਦੇ ਹੀ ਇੱਕ ਹੋਰ ਵਿਅਕਤੀ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ। ਪੀਲ ਪੁਲਿਸ ਨੇ ਆਖਿਆ ਕਿ 23 ਸਾਲਾ ਇਸ ਸ਼ਖਸ ਨੂੰ ਵੁੱਡ ਬਫਲੋ ਆਰਸੀਐਮਪੀ ਦੀ ਮਦਦ ਨਾਲ ਫੋਰਟ ਮੈਕਮਰੀ, ਅਲਬਰਟਾ ਤੋਂ ਕਾਬੂ ਕੀਤਾ ਗਿਆ। ਉਸ ਉੱਤੇ ਫਰਸਟ ਡਿਗਰੀ ਮਰਡਰ ਦਾ ਚਾਰਜ ਲਾਇਆ ਗਿਆ ਹੈ ਤੇ ਉਸ ਨੂੰ ਇਸ ਮਾਮਲੇ ਦੇ ਸਬੰਧ ਵਿੱਚ ?ਨਟਾਰੀ? ਲਿਆਂਦਾ ਜਾਵੇਗਾ। ਸੰਗੀਤਾ ਦੇ ਮਸ਼ਕੂਕਾਂ ਨਾਲ ਕਿਸੇ ਤਰ੍ਹਾਂ ਦੇ ਸਬੰਧ ਦੀ ਕੋਈ ਜਾਣਕਾਰੀ ਨਹੀਂ ਹੈ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S
Jewellers Ltd.



Authorized Dealer
20% OFF SEIKO, PULSAR
ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off



Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਮੈਰੁਆਨਾ ਤੋੜਣ, ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਮਸ਼ਰੂਮ, ਬਲਿਊ ਬੇਰੀ ਪੈਕਿੰਗ ਕਰਨ ਅਤੇ ਕੈਨਰੀ ਵਿਚ ਕੰਮ ਕਰਨ ਲਈ ਵੀ ਵਰਕਰਾਂ ਦੀ ਜ਼ਰੂਰਤ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।

ਆਫਿਸ: ਯੂਨਿਟ 106-12414 82 ਐਵੀਨਿਊ, ਸਰੀ, ਬੀਸੀ
ਫੋਨ: 604-593-4224, ਸੰਨੀ ਸੰਧਰ 604-727-2421


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch

# ਬੀਸੀ ਲਾਅ ਸੁਸਾਇਟੀ ਵਲੋਂ ਸਰੀ ਦਾ ਹਾਈ ਪ੍ਰੋਫਾਈਲ ਵਕੀਲ ਨਰਿੰਦਰਪਾਲ ਸਿੰਘ ਕੰਗ ਦੋ ਮਹੀਨਿਆਂ ਲਈ ਮੁਅੱਤਲ



ਵਿਕਟੋਰੀਆ-ਸਰੀ ਦੇ ਸੁਰਖੀਆਂ ਵਿਚ ਰਹਿਣ ਵਾਲੇ ਵਕੀਲ ਤੇ ਕੁਈਨਜ ਦੇ ਕੌਂਸਲ ਨਰਿੰਦਰਪਾਲ ਸਿੰਘ ਕੰਗ ਜਿਸ 'ਤੇ 2018 ਵਿਚ ਘਰੇਲੂ ਤਕਰਾਰ ਦੇ ਸਬੰਧ ਵਿਚ ਹਮਲੇ ਦਾ ਦੋਸ਼ ਲਗਾਇਆ ਗਿਆ ਸੀ ਨੂੰ ਬੀਸੀ ਲਾਅ ਸੁਸਾਇਟੀ ਨੇ ਦੋ ਮਹੀਨਿਆਂ ਲਈ ਮੁਅੱਤਲ ਕਰ ਦਿੱਤਾ ਹੈ। ਮੰਗਲਵਾਰ ਰਿਲੀਜ਼ ਕੀਤੇ ਫ਼ੈਸਲੇ ਵਿਚ ਸੁਸਾਇਟੀ ਨੇ 15 ਜੂਨ 2018 ਦੀ ਕੰਗ ਦੀ ਸ਼ਮੂਲੀਅਤ ਵਾਲੀ ਘਟਨਾ ਨੂੰ ਨਜਦੀਕੀ ਪਾਰਟਨਰ ਹਿੰਸਾ ਆਖਿਆ ਹੈ। ਉਸ ਦਿਨ ਕੰਗ ਦੇ ਸਮਾਜਿਕ ਮੇਲ ਜੋਲ ਜਿਥੇ ਉਸ ਨੇ ਦਾਰੂ ਪੀਤੀ ਸੀ ਤੋਂ ਘਰ ਪਰਤਣ ਪਿੱਛੋਂ ਉਸ ਦੀ ਇਕ ਵਿਅਕਤੀ ਜਿਸ ਦੀ ਫ਼ੈਸਲੇ ਵਿਚ ਏਬੀ ਵਜੋਂ ਪਛਾਣ ਕੀਤੀ ਗਈ ਨਾਲ ਗਰਮਾ ਗਰਮ ਬਹਿਸ ਹੋ ਗਈ ਸੀ। ਇਹ ਤਕਰਾਰਬਾਜ਼ੀ ਹਿੰਸਾ ਵਿਚ ਬਦਲ ਗਈ ਅਤੇ ਕੰਗ ਨੇ ਏਬੀ ਨੂੰ ਬਾਹਾਂ ਤੇ ਲੱਤਾਂ ਫੜ ਲਿਆ ਅਤੇ ਸਿਰ ਦੇ ਪਿਛਲੇ ਪਾਸੇ ਦੋ ਜਾਂ ਤਿੰਨ ਵਾਰ ਹਮਲਾ ਕੀਤਾ। ਤਕਰਾਰਬਾਜ਼ੀ ਵਿਚ ਕੰਗ ਨੇ ਗੰਦੀਆਂ ਗਾਲਾਂ ਕੱਢੀਆਂ। ਫ਼ੈਸਲੇ ਵਿਚ ਕਿਹਾ ਕਿ ਏਬੀ ਦੇ ਬੁਲਾਉਣ 'ਤੇ ਪੁਲਿਸ ਮੌਕੇ 'ਤੇ ਪੁੱਜੀ ਅਤੇ ਤਕਰਾਰਬਾਜ਼ੀ ਦੇ ਸਿੱਟੇ ਵਜੋਂ ਏਬੀ ਜ਼ਖ਼ਮੀ ਨਹੀਂ ਹੋਇਆ। ਕੰਗ ਦੇ ਖਿਲਾਫ ਹਮਲੇ ਤੇ ਸ਼ਰਾਰਤ ਦੇ ਅਪਰਾਧਿਕ ਦੋਸ਼ ਲਾਏ ਗਏ ਸਨ ਪਰ ਉਸ ਵਲੋਂ ਨਵੰਬਰ 2018 ਵਿਚ ਕਾਮਨ ਲਾਅ ਪੀਸ ਬਾਂਡ ਵਿਚ ਸ਼ਾਮਿਲ ਹੋਣ ਲਈ ਸਹਿਮਤ ਹੋਣ ਪਿੱਛੋਂ ਇਹ ਦੋਸ਼ ਹਟਾ ਦਿੱਤੇ ਗਏ ਸਨ। ਲਾਅ ਸੁਸਾਇਟੀ ਨੇ ਕਿਹਾ ਕਿ ਕੰਗ ਦੀਆਂ ਕਾਰਵਾਈਆਂ ਅਪਰਾਧਿਕ ਤੇ ਹਿੰਸਕ ਦੇ ਨਾਲ ਪੇਸ਼ੇ ਲਈ ਅਣਉਚਿੱਤ ਹਨ। ਉਸ ਦੀ ਦੋ ਮਹੀਨੇ ਦੀ ਮੁਅੱਤਲੀ ਜਿਸ ਵਿਚ ਇਕ ਹਜ਼ਾਰ ਡਾਲਰ ਦਾ ਜ਼ੁਰਮਾਨਾ ਵੀ ਸ਼ਾਮਿਲ ਹੈ ਇਕ ਜੁਲਾਈ ਤੋਂ ਸ਼ੁਰੂ ਹੋਵੇਗੀ।



# ਪ੍ਰੀਮੀਅਰ ਫੋਰਡ ਦੇ ਘਰ ਚਾਕੂ ਨਾਲ ਲੈਸ ਹੋ ਕੇ ਪੁੱਜਾ ਵਿਅਕਤੀ ਗ੍ਰਿਫ਼ਤਾਰ

ਟੋਰਣਟੋ-ਚਾਕੂ ਨਾਲ ਲੈਸ ਹੋ ਕੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੇ ਘਰ ਪੁੱਜਾ ਵਿਅਕਤੀ ਓਪੀਪੀ ਅਫਸਰ ਨੇ ਤੁਰੰਤ ਕਾਰਵਾਈ ਕਰਦਿਆਂ ਗ੍ਰਿਫ਼ਤਾਰ ਕਰ ਲਿਆ। ਘਟਨਾ ਸੋਮਵਾਰ ਸ਼ਾਮ ਨੂੰ ਵਾਪਰੀ ਅਤੇ ਹਿੰਸਾ ਦੀ ਸੰਭਾਵਨਾ ਦੇ ਬਾਵਜੂਦ ਘਟਨਾ ਵਿਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ। ਫੋਰਡ ਦੇ ਪ੍ਰੈਸ ਸਕੱਤਰ ਅਲੈਗਜ਼ੈਂਡਰ ਅਡੈਮੋ ਨੇ ਇਕ ਬਿਆਨ ਵਿਚ ਕਿਹਾ ਕਿ ਬੀਤੀ ਰਾਤ ਇਕ ਵਿਅਕਤੀ ਵੱਡਾ ਚਾਕੂ ਲੈ ਕੇ ਪ੍ਰੀਮੀਅਰ ਦੇ ਦਫ਼ਤਰ ਪੁੱਜ ਕੇ ਧਮਕੀਆਂ ਦੇਣ ਲੱਗਾ। ਮੌਕੇ 'ਤੇ ਮੌਜੂਦ ਓਪੀਪੀ ਅਫਸਰ ਨੇ ਵਿਅਕਤੀ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ। ਅਡੈਮੋ ਨੇ ਦੱਸਿਆ ਕਿ ਪ੍ਰੀਮੀਅਰ ਨੇ ਉਸ ਦੀ ਤੁਰੰਤ ਕਾਰਵਾਈ ਤੇ ਬਹਾਦਰੀ ਲਈ ਅਫਸਰ ਦਾ ਧੰਨਵਾਦ ਕੀਤਾ ਹੈ ਜਿਸ ਦੇ ਸਿੱਟੇ ਵਜੋਂ ਘਟਨਾ ਵਿਚ ਸ਼ਾਮਿਲ ਕਿਸੇ ਵੀ ਵਿਅਕਤੀ ਨੂੰ ਕੋਈ ਨੁਕਸਾਨ ਨਹੀਂ ਪੁੱਜਾ। ਟੋਰਾਂਟੋ ਦੇ 44 ਸਾਲਾ ਜੌਰਜ ਨਿਰਾਸ ਖਤਰਨਾਕ ਇਰਾਦੇ ਲਈ ਹਥਿਆਰ ਕੋਲ ਰੱਖਣ ਦੇ ਦੋਸ਼ ਅਤੇ 5000 ਡਾਲਰ ਮੁੱਲ ਤੋਂ ਹੇਠਾਂ ਦੀ ਪ੍ਰਾਪਰਟੀ ਨਾਲ ਸ਼ਰਾਰਤ ਕਰਨ ਦੇ 11 ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਟੋਰਾਂਟੋ ਪੁਲਿਸ ਨੇ ਇਕ ਨਿਊਜ਼ ਰਿਲੀਜ਼ ਵਿਚ ਦੋਸ਼ ਲਾਇਆ ਕਿ ਨਿਰਾਸ ਨੇ ਪ੍ਰੀਮੀਅਰ ਦੇ ਘਰ ਪਹੁੰਚਣ ਤੋਂ ਪਹਿਲਾਂ ਕਈ ਮੋਟਰ ਗੱਡੀਆਂ ਦੇ ਟਾਇਰ ਵੱਢ ਦਿੱਤੇ। ਐਨਡੀਪੀ ਨੇਤਾ ਐਂਡਰੀਆ ਹੋਰਵਥ ਨੇ ਵੀ ਘਟਨਾ ਸਥਾਨ 'ਤੇ ਓਪੀਪੀ ਅਫਸਰ ਵਲੋਂ ਕੀਤੇ ਕੰਮ ਦੀ ਸ਼ਲਾਘਾ ਕੀਤੀ ਹੈ।


# ਮੈਟਰੋ ਵੈਨਕੂਵਰ ਵਿਚ ਵਧਣਗੀਆਂ ਗੈਸ ਦੀ ਕੀਮਤਾਂ

ਵੈਨਕੂਵਰ-ਮੈਟਰੋ ਵੈਨਕੂਵਰ ਵਿਚ ਗੈਸੋਲੀਨ ਨਾਲ ਚੱਲਣ ਵਾਲੇ ਕਿਸੇ ਵੀ ਮੋਟਰ ਗੱਡੀ ਦੇ ਡਰਾਈਵਰ ਨੂੰ ਨਾ ਕਿ ਅਗਲੇ ਕੁਝ ਮਹੀਨਿਆਂ ਦੌਰਾਨ ਸਗੋਂ ਭਵਿੱਖ ਵਿਚ ਵੀ ਪ੍ਰਤੀ ਲਿਟਰ ਜ਼ਿਆਦਾ ਕੀਮਤ ਚੁਕਾਉਣੀ ਪੈ ਸਕਦੀ ਹੈ। ਕੈਨੇਡੀਅਨ ਫਾਰ ਅਫੋਰਡਏਬਲ ਐਨਰਜੀ ਦੇ ਪ੍ਰਧਾਨ ਜੈਨ ਮੈਕਟੀਗ ਨੇ ਕਿਹਾ ਕਿ ਇਹ ਗਰਮੀਆਂ ਬਹੁਤ ਮਹਿੰਗੀਆਂ ਹੋਣ ਵਾਲੀਆਂ ਹਨ। ਮੈਕਟੀਗ ਨੇ ਕਿਹਾ ਕਿ ਮੰਗਲਵਾਰ ਮੈਟਰੋ ਵੈਨਕੂਵਰ ਇਲਾਕੇ ਵਿਚ ਵਿਚ ਟਰਾਂਸਲਿੰਕ ਵਲੋਂ 1.63 ਡਾਲਰ ਪ੍ਰਤੀ ਲਿਟਰ ਦੇ ਹਿਸਾਬ ਨਾਲ ਗੈਸ ਵੇਚੀ ਗਈ। ਗੈਸੋਲੀਨ ਲਈ ਭਵਿੱਖ ਦੇ ਬਾਜ਼ਾਰ ਅਤੇ ਸਥਾਨਕ ਸਥਿਤੀਆਂ ਦੇ ਆਧਾਰ 'ਤੇ ਉਨ੍ਹਾਂ ਬੁੱਧਵਾਰ ਨੂੰ 1.65 ਡਾਲਰ ਤੇ ਵੀਰਵਾਰ 1.66 ਡਾਲਰ ਪ੍ਰਤੀ ਲਿਟਰ ਕੀਮਤਾਂ ਹੋਣ ਦੀ ਭਵਿੱਖਬਾਣੀ ਕੀਤੀ ਹੈ। ਤਿੰਨ ਹਫ਼ਤੇ ਪਹਿਲਾਂ ਕੀਮਤਾਂ 152.9 ਡਾਲਰ ਪ੍ਰਤੀ ਲਿਟਰ ਸਨ। ਉਨ੍ਹਾਂ ਨੇ ਟੋਰਾਂਟੋ ਤੋਂ ਫੋਨ 'ਤੇ ਦੱਸਿਆ ਕਿ ਕੀਮਤਾਂ 13 ਸੈਂਟ ਵਧੀਆਂ ਹਨ।




# ਯੂਨਾਈਟਡ ਟਰੱਕਰ ਐਸੋਸੀਏਸ਼ਨ ਵਲੋਂ ਲੇਬਰ ਮੰਤਰੀ ਦੇ ਦਫ਼ਤਰ ਬਾਹਰ ਪੰਜ ਦਿਨਾਂ ਪ੍ਰਦਰਸ਼ਨ ਸ਼ੁਰੂ

ਸਰੀ-ਸਰੀ ਅਤੇ ਡੈਲਟਾ ਦੇ ਐਨਡੀਪੀ ਕੌਕਸ ਮੈਂਬਰਾਂ ਦੇ ਦਫ਼ਤਰਾਂ ਦੇ ਬਾਹਰ ਕਈ ਹਫ਼ਤੇ ਪ੍ਰਦਰਸ਼ਨ ਪ੍ਰਤੀ ਬੀਸੀ ਸਰਕਾਰ ਦੀ ਚੁੱਪ ਦੇ ਸਿੱਟੇ ਵਜੋਂ ਯੂਨਾਈਟਡ ਟਰੱਕਰਸ ਐਸੋਸੀਏਸਨ ਨੇ ਸੰਘਰਸ਼ ਨੂੰ ਤੇਜ਼ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਇਸ ਹਫ਼ਤੇ ਯੂਟੀਏ ਲੇਬਰ ਮੰਤਰੀ ਹੈਰੀ ਬੈਂਸ ਦੇ ਹਲਕਾ ਦਫ਼ਤਰ ਦੇ ਬਾਹਰ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤਕ ਰੋਜ਼ਾਨਾ ਪ੍ਰਦਰਸ਼ਨ ਕਰੇਗੀ। ਹਰ ਰੋਜ਼ ਪ੍ਰਦਰਸ਼ਨ ਵਿਚ ਘੱਟੋ ਘੱਟ 10 ਟਰੱਕ ਸ਼ਾਮਿਲ ਹੋਣਗੇ। ਇਹ ਪ੍ਰਦਰਸ਼ਨ ਬੀਤੇ ਹਫ਼ਤੇ ਮੰਤਰੀ ਬੈਂਸ ਨੂੰ ਲਿਖੇ ਪੱਤਰ ਪਿੱਛੋਂ ਦਿੱਤਾ ਜਾ ਰਿਹਾ ਹੈ ਜਿਸ ਵਿਚ ਵਿਸਥਾਰ ਪੂਰਵਕ ਦੱਸਿਆ ਗਿਆ ਕਿ ਬੀਸੀ ਕੰਟੇਨਰ ਟਰੱਕਿੰਗ ਕਮਿਸ਼ਨਰ ਨੇ ਮੁੱਦੇ ਨੂੰ ਹੱਲ ਨਾ ਕਰਕੇ ਅਤੇ ਇਸ ਦੀ ਬਜਾਏ ਇਸ ਦੀ ਟਰਾਂਸਪੋਰਟੇਸ਼ਨ ਦੇ ਮੰਤਰੀ 'ਤੇ ਜ਼ਿੰਮੇਵਾਰੀ ਪਾ ਕੇ ਕਿਵੇਂ ਮਾਨਵੀ ਹੱਕਾਂ ਬਾਰੇ ਯੂਨੀਵਰਸਲ ਡੈਕਲਾਰੇਸ਼ਨ ਦੀ ਧਾਰਾ 23 ਦੀ ਉਲੰਘਣਾ ਕੀਤੀ ਹੈ।










## ਸਾਬਕਾ ਮੰਤਰੀ ਟਿਮ ਉਪਲ ਦੀ ਮੁਆਫੀ....

# ਕੰਸਰਵੇਟਿਵ ਪਾਰਟੀ ਦੀ ਇਸਲਾਮਿਕ ਫੋਬੀਆ ਵਿਚ ਨਾਕਾਰਤਮਕ ਭੂਮਿਕਾ 'ਤੇ ਸਵਾਲ

**ਸੁਖਵਿੰਦਰ ਸਿੰਘ ਚੋਹਲਾ**

ਪੱਛੜੇ ਅਤੇ ਵਿਕਾਸਸ਼ੀਲ ਮੁਲਕਾਂ ਵਿਚ ਸਿਆਸੀ ਪਾਰਟੀਆਂ ਅਤੇ ਸਿਆਸਤਦਾਨਾਂ ਵਲੋਂ ਆਪਣੇ ਲੋਕਾਂ ਨੂੰ ਧਰਮ, ਭਾਸ਼ਾ, ਜਾਤ ਅਤੇ ਖੇਤਰਵਾਦ ਦੇ ਨਾਮ ਹੇਠ ਵੰਡਦਿਆਂ ਵੋਟ ਸਿਆਸਤ ਦੀ ਖੇਡ ਖੇਡਣੀ ਆਮ ਗੱਲ ਹੈ। ਜਦੋਂਕਿ ਅਮੀਰ ਅਤੇ ਵਿਕਸਿਤ ਮੁਲਕਾਂ ਵਿਚ ਅਜਿਹੀ ਵੰਡ ਪਾਊ ਸਿਆਸਤ ਕਰਨਾ ਅਤੇ ਸੋਚਣਾ ਆਮ ਲੋਕਾਂ ਲਈ ਅਚੰਭੇ ਤੋ ਘੱਟ ਨਹੀਂ। ਇਹਨਾਂ ਮੁਲਕਾਂ ਵਿਚ ਇਕ ਸੁਖਦਾਈ ਤੇ ਸੁਰੱਖਿਅਤ ਭਵਿੱਖ ਦਾ ਸੁਪਨਾ ਲੈਕੇ ਪੁੱਜਣ ਵਾਲੇ ਲੋਕ ਜਦੋ ਅਜਿਹੀ ਵੰਡ ਪਾਊ ਸਿਆਸਤ ਦਾ ਸਾਹਮਣਾ ਕਰਦੇ ਹਨ ਤਾਂ ਇਹ ਸਭ ਉਹਨਾਂ ਲਈ ਸੁਪਨੇ ਦੇ ਟੁੱਟਣ ਵਾਂਗ ਹੀ ਹੈ। ਦੁਨੀਆ ਦੀ ਮਹਾਂ ਸ਼ਕਤੀ ਅਮਰੀਕਾ ਦੀਆਂ ਧੌਂਸਵਾਦੀ ਨੀਤੀਆਂ ਕਾਰਣ ਪਿਛਲੇ ਸਮੇਂ ਦੌਰਾਨ ਪੱਛਮੀ ਮੁਲਕਾਂ ਵਿਚ ਇਸਲਾਮਿਕ ਫੋਬੀਆ ਦੇ ਨਾਮ ਉਪਰ ਜੋ ਕੁਝ ਵਾਪਰ ਰਿਹਾ ਹੈ, ਉਹ ਬਹੁਤ ਦੁਖਦਾਈ ਹੈ। ਇਸਤੋ ਵੀ ਵੱਧ ਦੁਖਦਾਈ ਇਹ ਹੈ ਕਿ ਮਾਨਵੀ ਹੱਕਾਂ ਅਤੇ ਮਾਨਵੀ ਆਜ਼ਾਦੀ ਦੇ ਅਲੰਬਰਦਾਰ ਵਜੋ ਜਾਣੇ ਜਾਂਦੇ ਮੁਲਕ ਕੈਨੇਡਾ ਵਿਚ ਵੀ ਇਸਲਾਮਿਕ ਫੋਬੀਆ ਆਪਣਾ ਕਰੂਪ ਚਿਹਰਾ ਲੈਕੇ ਹਾਜ਼ਰ ਹੈ। ਉਂਜ ਕੈਨੇਡੀਅਨ ਸਿਆਸਤਦਾਨ ਅਤੇ ਪ੍ਰਮੁੱਖ ਪਾਰਟੀਆਂ ਦੇ ਆਗੂ ਇਸਲਾਮਿਕ ਫੋਬੀਆ ਦੇ ਨਾਮ ਉਪਰ ਵਾਪਰ ਰਹੀਆਂ ਘਟਨਾਵਾਂ ਪ੍ਰਤੀ ਚਿੰਤਾ ਜ਼ਾਹਰ ਕਰਦੇ ਵਿਖਾਈ ਦਿੰਦੇ ਹਨ ਪਰ ਜਦੋ ਇਹ ਖੁਲਾਸਾ ਹੋਵੇ ਕਿ ਕੋਈ ਇਕ ਪ੍ਰਮੁੱਖ ਪਾਰਟੀ ਹੀ ਮੁਲਕ ਵਿਚ ਅਜਿਹੇ ਮਾਹੌਲ ਨੂੰ ਬੜਾਵਾ ਦੇਣ ਲਈ ਜ਼ਿੰਮੇਵਾਰ ਹੋ ਸਕਦੀ ਹੈ ਤਾਂ ਕੀ ਕਿਹਾ ਜਾਵੇ?

ਪਿਛਲੇ ਦਿਨੀਂ ਉਨਟਾਰੀਓ ਸੂਬੇ ਦੇ ਸ਼ਹਿਰ ਲੰਡਨ ਵਿਚ ਇਕ ਮੁਸਲਿਮ ਪਰਿਵਾਰ ਨਾਲ ਵਾਪਰੀ ਨਸਲੀ ਨਫਰਤ ਦੀ ਦੁਖਦਾਈ ਘਟਨਾ ਦਿਲ ਕੰਬਾਅ ਦੇਣ ਵਾਲੀ ਹੈ। ਇਕ ਨਸਲਵਾਦੀ ਗੋਰੇ ਨੇ ਸੜਕ ਉਪਰ ਜਾ ਰਹੇ ਇਕ ਮੁਸਲਿਮ ਪਰਿਵਾਰ ਦੇ 5 ਜੀਆਂ ਉਪਰ ਆਪਣਾ ਟਰੱਕ ਚਾੜਕੇ ਜੋ ਕਹਿਰ ਵਰਤਾਇਆ, ਉਹ ਤਰਾਹ ਕੱਢ ਦੇਣ ਵਾਲਾ ਹੈ। ਪੁਲਿਸ ਨੇ ਆਪਣੀ ਜਾਂਚ ਦੁਆਰਾ ਇਹ ਖੁਲਾਸਾ ਕੀਤਾ ਕਿ ਉਕਤ ਨਸਲਵਾਦੀ ਨੇ ਇਹ ਘਿਨਾਉਣਾ ਕਾਰਾ ਨਸਲੀ ਨਫਰਤ ਦੇ ਪ੍ਰਭਾਵ ਹੇਠ ਹੀ ਕੀਤਾ ਹੈ। ਇਹ ਨਸਲਵਾਦੀ ਗੋਰਾ ਅਜੇ ਕੇਵਲ 20 ਸਾਲ ਦਾ ਅੱਲੜ ਗੱਭਰੂ ਹੈ। ਸੋਚਿਆ ਜਾ ਸਕਦਾ ਹੈ ਕਿ ਅੱਲੜ ਉਮਰ ਦੇ ਨੌਜਵਾਨ ਵਿਚ ਅਜਿਹੀ ਨਸਲੀ ਨਫਰਤ ਕਿਸ ਮਾਹੌਲ ਦੀ ਦੇਣ ਹੈ?

ਕੈਨੇਡਾ ਵਰਗੇ ਮੁਲਕ ਵਿਚ ਨਸਲੀ ਨਫਰਤ ਖਾਸ ਕਰਕੇ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਕੇ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਮੁਲਕ ਦੇ ਸਿਸਟਮ ਉਪਰ ਵੀ ਪ੍ਰਸ਼ਨ ਚਿੰਨ ਲਗਾਉਂਦਾ ਹੈ। ਮੰਨਿਆ ਜਾ ਸਕਦਾ ਹੈ ਕਿ ਨਸਲੀ ਨਫਰਤ ਮਨੁੱਖ ਵਿਚਾਲੇ ਇਕ ਨਾਕਾਰਤਮਕ ਪ੍ਰਵਿਰਤੀ ਹੈ ਪਰ ਜਦੋ ਕੋਈ ਸਿਆਸੀ ਜਮਾਤ ਜਾਂ ਆਗੂ ਜਾਣੇ ਅਣਜਾਣੇ ਤਹਿਤ ਨਸਲੀ ਵਿਤਕਰੇ ਨੂੰ ਉਤਸ਼ਾਹਿਤ ਕਰਦੇ ਹਨ ਤਾਂ ਨਸਲੀ ਜ਼ਹਿਰ ਦਾ ਫੈਲਣਾ ਸਮਾਜਿਕ ਵਰਤਾਰਾ ਬਣ ਜਾਂਦਾ ਹੈ। ਲੰਡਨ ਦੀ ਦੁਖਦਾਈ ਘਟਨਾ ਨੇ ਕੈਨੇਡਾ ਦੀ ਪ੍ਰਮੁੱਖ ਕੰਸਰਵੇਟਿਵ ਪਾਰਟੀ ਦੇ ਐਮ ਪੀ ਅਤੇ ਸਾਬਕਾ ਮੰਤਰੀ ਟਿਪ ਉਪਲ ਨੂੰ ਇਤਨਾ ਝੰਜੋੜਿਆ ਹੈ ਕਿ ਨਸਲੀ ਨਫਰਤ ਵਾਲੇ ਮਾਹੌਲ ਵਿਚ ਉਹ ਆਪਣੀ ਪਾਰਟੀ ਦੀ ਭੂਮਿਕਾ ਨੂੰ ਵੀ ਜ਼ਿੰਮੇਵਾਰ ਮੰਨਣ ਲੱਗਾ ਹੈ। ਉਸਦੀ ਪਾਰਟੀ ਉਸਦੇ ਵਿਚਾਰਾਂ ਨੂੰ ਕਿਵੇ ਲੈਂਦੀ ਹੈ ਜਾਂ ਉਸਦੇ ਖਿਲਾਫ ਕੋਈ ਅਨੁਸ਼ਾਸਨੀ ਕਾਰਵਾਈ ਕਰਨ ਲਈ ਮਜ਼ਬੂਰ ਹੁੰਦੀ ਹੈ, ਇਹ ਵੱਖਰੀ ਗੱਲ ਹੈ ਪਰ ਹਾਲ ਦੀ ਘੜੀ ਉਸਨੇ ਜੋ ਆਪਣੀ ਪੀੜਾ ਬਿਆਨ ਕੀਤੀ ਹੈ, ਉਸਤੋ ਇਹ ਕਿਹਾ ਜਾ ਸਕਦਾ ਹੈ ਕਿ ਘੱਟੋ ਘੱਟ ਕੈਨੇਡੀਅਨ ਸਿਆਸਤ ਵਿਚ ਅਜਿਹੇ ਆਗੂ ਹਨ ਜੋ ਆਪਣੀ ਜ਼ਮੀਰ ਦੀ ਆਵਾਜ਼ ਸੁਣਦੇ ਹੋਏ ਇਖਲਾਕੀ ਜਿੰਮੇਵਾਰੀ ਕਬੂਲਣ ਤੋ ਨਹੀ ਭੱਜਦੇ।

ਆਪਣੀ ਫੇਸਬੁੱਕ ਪੋਸਟ ਰਾਹੀ ਟੋਰੀ ਐਮ ਪੀ ਨੇ ਕਿਹਾ ਹੈ ਕਿ ਲੰਡਨ ਉਨਟਾਰੀਓ ਵਿਚ ਇਕ ਸਿਰਫਿਰੇ ਵਿਅਕਤੀ ਵਲੋਂ ਇਕ ਮੁਸਲਿਮ ਪਰਿਵਾਰ ਨੂੰ ਨਸਲੀ ਨਫਰਤ ਦਾ ਨਿਸ਼ਾਨਾ ਬਣਾਏ ਜਾਣ ਉਪਰੰਤ ਉਹ ਆਪਣੇ ਲੋਕਾਂ ਨਾਲ ਇਸ ਮੁੱਦੇ ਉਪਰ ਲਗਾਤਾਰ ਚਰਚਾ ਕਰ ਰਿਹਾ ਹੈ ਕਿ ਕੈਨੇਡੀਅਨ ਲੋਕ ਆਪਣੇ ਆਪ ਨੂੰ ਕਿਵੇ ਸੁਰੱਖਿਅਤ ਮਹਿਸੂਸ ਕਰ ਸਕਦੇ ਹਨ। ਪਿਛਲੀ ਹਾਰਪਰ ਸਰਕਾਰ ਵਿਚ ਬਹੁਸਭਿਆਚਾਰਕ ਮਾਮਲਿਆਂ ਬਾਰੇ ਰਾਜ ਮੰਤਰੀ ਹੋਣ ਨਾਤੇ ਉਪਲ ਨੇ ਸਿਟੀਜਨਸ਼ਿਪ ਸਹੁੰ ਚੁੱਕ ਰਸਮ ਦੌਰਾਨ ਨਕਾਬ ਉਪਰ ਪਾਬੰਦੀ ਲਗਾਏ ਜਾਣ ਲਈ ਸਰਕਾਰ ਵਲੋ ਬਿਲ ਪੇਸ਼ ਕੀਤਾ ਸੀ। ਕੰਸਰਵੇਟਿਵ ਨੇ ਆਪਣੀ 2015 ਦੀ ਚੋਣ ਮੁਹਿੰਮ ਦੌਰਾਨ ਕਈ ਹੋਰ ਸਭਿਆਚਾਰਕ ਦਮਨ ਵਾਲੀਆਂ ਨੀਤੀਆਂ ਨੂੰ ਮੁੱਦਾ ਬਣਾਉਂਦਿਆਂ ਲੋਕਾਂ ਨੂੰ ਆਪਣੇ ਵਿਚਾਰ ਖੁੱਲਕੇ ਦੱਸਣ ਦਾ ਸੱਦਾ ਦਿੱਤਾ ਸੀ। ਉਸਦਾ ਕਹਿਣਾ ਹੈ ਕਿ ਇਸ ਦੌਰਾਨ ਹੀ ਉਹ ਇਹ ਜਾਣ ਸਕਿਆ ਕਿ ਕੈਨੇਡੀਅਨ ਮੁਸਲਮਾਨਾਂ ਨੂੰ ਅਲਗ ਥਲਗ ਕਰਨ ਵਾਲੀਆਂ ਅਜਿਹੀਆਂ ਨੀਤੀਆਂ ਕਾਰਣ ਹੀ ਕੈਨੇਡਾ ਵਿਚ ਇਸਲਾਮੀ ਫੋਬੀਆ ਵਿਚ ਵਾਧਾ ਹੋਇਆ। ਉਸਨੇ ਉਸ ਸਮੇਂ ਪਾਰਟੀ ਦੀਆਂ ਅਜਿਹੀਆਂ ਵੰਡ ਪਾਊ ਨੀਤੀਆਂ ਦਾ ਵਿਰੋਧ ਕਰਨ ਦੀ ਬਿਜਾਏ ਉਸਦਾ ਸਮਰਥਨ ਕੀਤਾ। ਜਿਸ ਲਈ ਉਸਨੂੰ ਹੁਣ ਖੇਦ ਹੈ। ਉਸਨੇ ਆਪਣੀ ਉਸ ਸਮੇ ਦੀ ਭੂਮਿਕਾ ਲਈ ਮੁਆਫੀ ਮੰਗਦਿਆਂ ਕਿਹਾ ਹੈ ਕਿ ਉਸਨੂੰ ਅਫਸੋਸ ਹੈ ਕਿ ਉਹ ਅਜਿਹੀਆਂ ਨੀਤੀਆਂ ਖਿਲਾਫ ਸਖਤ ਸਟੈਂਡ ਨਹੀ ਲੈ ਸਕਿਆ। ਜ਼ਿਕਰਯੋਗ ਹੈ ਕਿ ਉਸ ਸਮੇ ਬਿਲ ਪੇਸ਼ ਕਰਦਿਆਂ ਟਿਮ ਉਪਲ ਨੇ ਕਿਹਾ ਸੀ ਸਾਡਾ ਇਹ ਵਿਸ਼ਵਾਸ ਹੈ ਕਿ ਬਹੁਗਿਣਤੀ ਕੈਨੇਡੀਅਨ ਜਿਹਨਾਂ ਵਿਚ ਨਵੇਂ ਕੈਨੇਡੀਅਨ ਜਦੋ ਕੈਨੇਡੀਅਨ ਪਰਿਵਾਰ ਵਿਚ ਸ਼ਾਮਿਲ ਹੋਣ ਲਈ ਸਹੁੰ ਚੁੱਕਦੇ ਹਨ ਤਾਂ ਉਹਨਾਂ ਚੋ ਕੁਝ ਜਦੋ ਆਪਣਾ ਚਿਹਰਾ ਢੱਕ ਕੇ ਰੱਖਦੇ ਹਨ ਤਾਂ ਇਹ ਹੋਰਾਂ ਲਈ ਅਪਮਾਨਜਨਕ ਹੈ। ਉਪਲ ਦੇ ਇਸ ਬਿਆਨ ਦੀ ਉਸ ਵੇਲੇ ਤਿੱਖੀ ਆਲੋਚਨਾ ਹੋਈ ਸੀ ਤੇ ਕੁਝ ਨੇ ਉਸ ਵਲੋ ਖੁਦ ਪਗੜੀਧਾਰੀ ਹੋਣ ਕਾਰਣ ਅਜਿਹੀ ਟਿਪਣੀ ਨੂੰ ਪਾਖੰਡ ਕਰਾਰ ਦਿੱਤਾ ਸੀ। ਪਰ ਉਸਦਾ ਜਵਾਬ ਸੀ ਕਿ ਕਿਸੇ ਦੇ ਧਾਰਮਿਕ ਅਕੀਦੇ ਕਾਰਣ ਸਿਰ ਢੱਕਣ ਅਤੇ ਸਿਟੀਜਨਸ਼ਿਪ ਸਹੁੰ ਚੁੱਕਣ ਸਮੇਂ ਚਿਹਰਾ ਢੱਕਣ ਵਿਚ ਬਹੁਤ ਜ਼ਿਆਦਾ ਅੰਤਰ ਹੈ। ਇਸਤੋ ਪਹਿਲਾਂ ਸਰਕਾਰ ਨੇ ਸਿਟੀਜ਼ਨਸ਼ਿਪ ਸਹੁੰ ਦੀ ਰਸਮ ਸਮੇਂ ਨਕਾਬ ਪਹਿਨਣ ਉਪਰ ਪਾਬੰਦੀ ਲਈ ਸਰਕਾਰੀ ਹੁਕਮ ਜਾਰੀ ਕੀਤੇ ਸਨ ਜਿਸਨੂੰ ਫੈਡਰਲ ਕੋਰਟ ਨੇ ਰੱਦ ਕਰ ਦਿੱਤਾ ਸੀ। ਅਦਾਲਤ ਨੇ ਕਿਹਾ ਸੀ ਕਿ ਇਮੀਗ੍ਰੇਸ਼ਨ ਮੰਤਰੀ ਜੇਸਨ ਕੈਨੀ ਵਲੋ ਜਾਰੀ ਇਹ ਹੁਕਮ ਗੈਰਕਨੂੰਨੀ ਹਨ ਕਿਉਂਕਿ

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions & Get Sold Guaranteed
We Help Buyers With Cash Back
Buy, Sell, Mortgage or Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

ਬੇਰੀ ਪਿੱਕਰਾਂ ਦੀ ਲੋੜ
- ਬੀ.ਸੀ. ਦੀ ਇੱਕ ਮਸ਼ਹੂਰ ਕੰਪਨੀ ਨੂੰ ਪਿੱਕਰਾਂ ਦੀ ਲੋੜ ਹੈ।
- ਬੇਰੀ ਵਧੀਆ ਅਤੇ ਮੋਟੀ ਹੈ। ਬੇਰੀ ਦਾ ਕੰਮ ਸ਼ੁਰੂ ਹੋ ਗਿਆ ਹੈ।
- ਸਰੀ, ਰਿਚਮੰਡ, ਬਰਨਬੀ, ਵੈਨਕੂਵਰ, ਡੈਲਟਾ, ਲੈਂਗਲੀ, ਐਬਟਸਫੋਰਡ, ਕਲੋਵਰਡੇਲ, ਗਿਲਫੋਰਡ ਅਤੇ ਐਲਡਰਗਰੋਵ ਵਿੱਚੋਂ ਰਾਇਡ ਦਾ ਪ੍ਰਬੰਧ ਹੈ।
- ਅਮਰੀਕਾ, ਕੈਲਗਰੀ, ਵਿਨੀਪੈਗ ਅਤੇ ਟਰਾਂਟੋ ਤੋਂ ਆਉਣ ਵਾਲੇ ਵਰਕਰਾਂ ਲਈ ਰਿਹਾਇਸ਼ ਦਾ ਪ੍ਰਬੰਧ ਹੋਵੇਗਾ।
- ਅਮਰੀਕਾ, ਕੈਲਗਰੀ, ਵਿਨੀਪੈਗ ਅਤੇ ਟਰਾਂਟੋ ਤੋਂ ਆਉਣ ਵਾਲੇ ਵਰਕਰਾਂ ਲਈ 300-700 ਡਾਲਰ ਦਾ ਬੋਨਸ ਦਿੱਤਾ ਜਾਵੇਗਾ।
- ਘਰ ਵਰਗਾ ਮਾਹੌਲ। ਪੂਰਾ ਸੀਜਨ ਕੰਮ ਕਰਨ ਵਾਲਿਆਂ ਨੂੰ ਬੋਨਸ।
- ਕਲਾਸ 4 ਅਤੇ ਕਲਾਸ 5 ਡਰਾਈਵਰਾਂ ਦੀ ਵੀ ਲੋੜ ਹੈ।
ਹੈਪੀ: 604-614-1680

ਕੈਨੇਡੀਅਨ ਕਨੂੰਨ ਸਿਟੀਜ਼ਨਸ਼ਿਪ ਜੱਜ ਨੂੰ ਇਹ ਦ੍ਰਿੜ ਕਰਵਾਉਂਦਾ ਹੈ ਕਿ ਸਹੁੰ ਚੁਕਾਉਣ ਸਮੇ ਵਿਅਕਤੀ ਦੀ ਧਾਰਮਿਕ ਆਜ਼ਾਦੀ ਨੂੰ ਧਿਆਨ ਵਿਚ ਰੱਖਿਆ ਜਾਵੇ। ਇਸ ਉਪਰੰਤ ਹਾਰਪਰ ਸਰਕਾਰ ਨੇ ਨਕਾਬ ਉਪਰ ਪਾਬੰਦੀ ਲਈ ਨਵਾਂ ਬਿਲ ਪੇਸ਼ ਕੀਤਾ ਸੀ। ਜ਼ਿਕਰਯੋਗ ਹੈ ਕਿ ਕਿਊਬੈਕ ਸਰਕਾਰ ਵਲੋਂ ਵੀ ਸਰਕਾਰੀ ਅਦਾਰਿਆਂ ਵਿਚ ਕਰਮਚਾਰੀਆਂ ਵਲੋਂ ਧਾਰਮਿਕ ਚਿੰਨ ਪਹਿਨਣ ਉਪਰ ਪਾਬੰਦੀ ਲਗਾਉਣ ਲਈ ਬਿਲ 21 ਦੀ ਵਰਤੋਂ ਕੀਤੀ ਗਈ ਸੀ। ਇਸ ਬਿਲ ਕਾਰਣ ਕਿਊਬੈਕ ਵਿਚ ਹਿਜਾਬ ਅਤੇ ਪੱਗੜੀ ਵਾਲੇ ਲੋਕ ਮੁੱਖ ਨਿਸ਼ਾਨਾ ਬਣੇ ਸਨ।

ਜ਼ਿਕਰਯੋਗ ਹੈ ਕਿ ਟਿਮ ਉਪਲ ਵਲੋਂ ਜਦੋਂ ਇਹ ਬਿਲ ਸਦਨ ਵਿਚ ਪੇਸ਼ ਕੀਤਾ ਗਿਆ ਸੀ ਤਾਂ ਉਸ ਸਮੇਂ ਅਲਬਰਟਾ ਪ੍ਰੀਮੀਅਰ ਜੇਸਨ ਕੈਨੀ ਇਮੀਗ੍ਰੇਸ਼ਨ ਮੰਤਰੀ ਸਨ ਤੇ ਉਹਨਾਂ ਦੇ ਵਿਭਾਗ ਵਲੋਂ ਹੀ 2011 ਵਿਚ ਸਿਟੀਜਨਸ਼ਿਪ ਸਹੁੰ ਚੁੱਕ ਸਮਾਗਮ ਸਮੇ ਬੁਰਕੇ ਉਪਰ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਸਨ। ਹੁਣ ਜਦੋਂ ਟਿਮ ਉਪਲ ਵਲੋਂ ਕੰਸਰਵੇਟਿਵ ਸਰਕਾਰ ਵਲੋਂ ਲਿਆਂਦੇ ਗਏ ਇਸ ਬਿਲ ਨੂੰ ਇਸਲਾਮਿਕ ਫੋਬੀਆ ਨੂੰ ਬੜਾਵਾ ਦੇਣ ਵਾਲ ਕਹਿੰਦਿਆਂ ਇਸ ਉਪਰ ਅਫਸੋਸ ਜ਼ਾਹਰ ਕੀਤਾ ਹੈ ਤਾਂ ਵਿਰੋਧੀ ਤਵੱਕੋ ਕਰਦੇ ਹਨ ਕਿ ਜੈਸਨ ਕੈਨੀ ਵੀ ਮੁਆਫੀ ਮੰਗਣ। ਅਲਬਰਟਾ ਐਨ ਡੀ ਪੀ ਦਾ ਦੋਸ਼ ਹੈ ਕਿ ਬੁਰਕੇ ਉਪਰ ਪਾਬੰਦੀ ਸਬੰਧੀ ਨੀਤੀ ਦੇ ਮੁਖ ਘਾੜੇ ਜੇਸਨ ਕੈਨੀ ਹੀ ਹਨ। ਮੁਲਕ ਵਿਚ ਮੁਸਲਿਮ ਭਾਈਚਾਰੇ ਖਿਲਾਫ ਨਫਰਤੀ ਮਾਹੌਲ ਨੂੰ ਉਤਸ਼ਾਹਿਤ ਕਰਨ ਲਈ ਉਹ ਵੀ ਦੋਸ਼ੀ ਹਨ। ਅਲਬਰਟਾ ਐਨ ਡੀ ਪੀ ਦੇ ਬਹੁਸਭਿਆਚਾਰਕ ਮਾਮਲਿਆਂ ਬਾਰੇ ਆਲੋਚਕ ਤੇ ਐਮ ਐਲ ਏ ਜਸਵੀਰ ਦਿਓਲ ਦਾ ਕਹਿਣਾ ਹੈ ਕਿ ਕੈਨੇਡੀਅਨ ਮੁਸਲਿਮ ਭਾਈਚਾਰੇ ਖਿਲਾਫ ਨਫਰਤ ਫੈਲਾਉਣ ਅਤੇ ਉਸਨੂੰ ਅਮਲੀ ਰੂਪ ਦੇਣ ਵਾਲੇ ਜੇਸਨ ਕੈਨੀ ਤੁਰੰਤ ਮੁਆਫੀ ਮੰਗਣ।

ਉਧਰ ਪ੍ਰੀਮੀਅਰ ਜੇਸਨ ਕੈਨੀ ਨੇ ਇਸ ਮਾਮਲੇ ਵਿਚ ਆਪਣੀ ਭੂਮਿਕਾ ਸਬੰਧੀ ਮੁਆਫੀ ਮੰਗਣ ਤੋਂ ਇਨਕਾਰੀ ਹੁੰਦਿਆਂ ਕਿਹਾ ਹੈ ਕਿ ਉਸਨੇ ਕਦੇ ਵੀ ਜ਼ਾਹਰਾ ਰੂਪ ਵਿਚ ਨਕਾਬ ਉਪਰ ਪਾਬੰਦੀ ਦਾ ਸਮਰਥਨ ਨਹੀ ਕੀਤਾ। ਪੱਤਰਕਾਰਾਂ ਵਲੋਂ ਜੇਸਨ ਕੈਨੀ ਤੋਂ ਹਾਰਪਰ ਸਰਕਾਰ ਦੌਰਾਨ ਹੋਈ ਗਲਤੀ ਲਈ ਕੋਈ ਪਛਤਾਵਾ ਹੋਣ ਬਾਰੇ ਪੁੱਛੇ ਜਾਣ 'ਤੇ ਵੀ ਉਹਨਾਂ ਦਾ ਜਵਾਬ ਹੈ ਕਿ ਉਹ ਹਮੇਸ਼ਾਂ ਹੀ ਧਾਰਮਿਕ ਆਜ਼ਾਦੀ ਦੇ ਮੁੱਦਈ ਰਹੇ ਹਨ। ਬਿਨਾਂ ਸ਼ੱਕ ਪ੍ਰੀਮੀਅਰ ਜੇਸਨ ਕੈਨੀ ਨਕਾਬ ਉਪਰ ਪਾਬੰਦੀ ਦੇ ਮੁੱਦੇ ਅਤੇ ਇਸਲਾਮਿਕ ਫੋਬੀਆ ਨੂੰ ਉਤਸ਼ਾਹਿਤ ਕਰਨ ਵਿਚ ਆਪਣੀ ਅਤੇ ਕੰਸਰਵੇਟਿਵ ਪਾਰਟੀ ਦੀ ਨਾਕਾਰਤਮਕ ਭੂਮਿਕਾ ਤੋਂ ਇਨਕਾਰੀ ਹਨ ਪਰ ਪਾਰਟੀ ਦੇ ਆਪਣੇ ਐਮ ਪੀ ਤੇ ਸਾਬਕਾ ਮੰਤਰੀ ਵਲੋਂ ਇਸ ਮੁੱਦੇ ਉਪਰ ਪਾਰਟੀ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਉਣ ਅਤੇ ਆਪਣੀ ਭੂਮਿਕਾ ਉਪਰ ਅਫਸੋਸ ਪ੍ਰਗਟਾਵੇ ਅਤੇ ਮੁਆਫੀ ਮੰਗਣ ਨਾਲ ਕੰਸਰਵੇਟਿਵ ਪਾਰਟੀ ਅਤੇ ਲੀਡਰਸ਼ਿਪ ਨੂੰ ਕਟਹਿਰੇ ਵਿਚ ਖੜਾ ਕਰ ਦਿੱਤਾ ਹੈ।

# ਨਸਲਵਾਦ ਵਿਰੋਧੀ ਰੈਲੀ ਦੇ ਪ੍ਰਬੰਧਕਾਂ ਖਿਲਾਫ ਹਿੰਸਾ ਦੀਆਂ ਧਮਕੀਆਂ

ਵਿਕਟੋਰੀਆ-ਨਸਲਵਾਦ ਨਾਲ ਨਜਿੱਠਣ ਲਈ ਜ਼ਿੰਮੇਵਾਰ ਬੀਸੀ ਦੇ ਅਧਿਕਾਰੀ ਨੇ ਹਿੰਸਾ ਦੀਆਂ ਧਮਕੀਆਂ ਦੀ ਨਿਖੇਧੀ ਕੀਤੀ ਹੈ ਜਿਸ ਕਾਰਨ ਵੀਕਐਂਡ 'ਤੇ ਵੈਨਕੂਵਰ ਆਈਲੈਂਡ 'ਤੇ ਨਸਲਵਾਦ ਵਿਰੋਧੀ ਰੈਲੀ ਅੱਗੇ ਪਾਉਣੀ ਪਈ ਹੈ। ਨਸਲਵਾਦ ਵਿਰੋਧੀ ਪਹਿਲਕਦਮੀਆਂ ਲਈ ਸੰਸਦੀ ਸਕੱਤਰ ਰਚਨਾ ਸਿੰਘ ਦਾ ਕਹਿਣਾ ਕਿ ਨਨੈਮੋ ਅਤੇ ਲੇਡੀਸਮਿਥ ਵਿਚ ਸੂਬੇ ਦੀ ਨਸਲਵਾਦ ਵਿਰੋਧੀ ਨੈੱਟਵਰਕ ਦੇ ਸਹਿਯੋਗੀ ਨੇ ਪ੍ਰਬੰਧਕਾਂ ਨੂੰ ਸਰੀਰਕ ਹਿੰਸਾ ਦੀਆਂ ਧਮਕੀਆਂ ਮਿਲਣ ਪਿੱਛੋਂ ਕਾਰ ਰੈਲੀ ਰੱਦ ਕਰਨ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਧਮਕੀਆਂ ਵਿਅਕਤੀਆਂ ਵਲੋਂ ਆਈਆਂ ਹਨ ਜਿਨ੍ਹਾਂ ਦੇ ਵਿਵਹਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਰਚਨਾ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਘਟਨਾ ਇਸ ਗੱਲ ਦਾ ਸਬੂਤ ਹੈ ਕਿ ਨਸਲਵਾਦ ਅਤੇ ਵਿਤਕਰੇ ਦਾ ਵਿਰੋਧ ਕਿਉਂ ਮਹੱਤਵਪੂਰਣ ਹੈ ਅਤੇ ਜਦੋਂ ਰੈਲੀ ਹੋਵੇਗੀ ਉਹ ਉਸ ਵਿਚ ਸ਼ਾਮਿਲ ਹੋਵੇਗੀ। ਸਰਕਾਰ ਦ ਨਨੈਮੋ ਅਤੇ ਲੇਡੀਸਮਿਥ ਵਿਚ ਨਸਲਵਾਦ ਵਿਰੋਧੀ ਭਾਈਵਾਲ ਲਿਮੀਨਲ ਸਪੇਸਸ ਕਨਸਲਟਿੰਗ ਨੇ ਆਪਣੇ ਫੇਸਬੁੱਕ ਪੇਜ 'ਤੇ ਨੋਟਿਸ ਵਿਚ ਦੱਸਿਆ ਕਿ ਪ੍ਰਬੰਧਕ ਆਸਵੰਦ ਹੈ ਕਿ ਭਵਿੱਖ ਵਿਚ ਰੈਲੀ ਢੁਕਵੇਂ ਸੁਰੱਖਿਆ ਪ੍ਰਬੰਧਾਂ ਨਾਲ ਹੋਵੇਗੀ। ਪੋਸਟ ਵਿਚ ਕਿਹਾ ਕਿ ਗਰੁੱਪ ਨੂੰ ਦੱਸਿਆ ਗਿਆ ਕਿ ਆਰਸੀਐਮਪੀ ਥੋੜਾ ਸਮਾਂ ਪਹਿਲਾਂ ਨੋਟਿਸ ਦਿੱਤੇ ਕਾਰਨ ਵਾਧੂ ਸਟਾਫ ਨਹੀਂ ਮੁਹੱਈਆ ਕਰ ਸਕਦੀ ਅਤੇ ਰੈਲੀ ਹਰੇਕ ਦੀ ਸੁਰੱਖਿਆ ਨੂੰ ਤਰਜੀਹ ਦਿੰਦਿਆਂ ਅੱਗੇ ਪਾ ਦਿੱਤੀ ਗਈ ਹੈ।

## ਸੋਸ਼ਲ ਮੀਡੀਆ ਤੇ ਸਟਰੀਮਿੰਗ ਨੂੰ ਰੈਗੂਲੇਟ ਕਰਨ ਲਈ ਲਿਬਰਲ ਵਲੋਂ ਬਿੱਲ ਸੀ-ਪਾਸ

[ਸਫ਼ਾ 5 ਦੀ ਬਾਕੀ]

ਜਸਟਿਨ ਟਰੂਡੋ ਸਰਕਾਰ ਵਲੋਂ ਤਿਆਰ ਕੀਤੇ ਬਿੱਲ ਜਿਸ ਨੂੰ ਬਿੱਲ ਸੀ-10 ਕਰਕੇ ਜਾਣਿਆਂ ਜਾਂਦਾ ਹੈ ਦਾ ਮਤਲਬ ਟੈਕ ਦਿੱਗਜ ਲਈ ਵੀ ਰਵਾਇਤੀ ਬਰੌਡਕਾਸਟਰਾਂ ਵਾਲੀਆਂ ਸ਼ਰਤਾਂ ਹੋਣਗੀਆਂ ਜਿਹੜੀਆਂ ਨੈਟਫਲਿਕਸ ਇੰਕ ਅਤੇ ਟਿਕਟਾਕ ਇੰਕ ਵਰਗੀਆਂ ਕੰਪਨੀਆਂ ਨੂੰ ਕੈਨੇਡੀਅਨ ਸਮੱਗਰੀ ਲਈ ਵਿੱਤੀ ਸਹਾਇਤਾ ਤੇ ਪ੍ਰਚਾਰ ਲਈ ਪ੍ਰਭਾਵਸ਼ਾਲੀ ਤਰੀਕੇ ਨਾਲ ਮਜ਼ਬੂਰ ਕਰ ਰਹੀਆਂ ਹਨ। ਉਸ ਯੁੱਗ ਜਦੋਂ ਹਰ ਕੋਈ ਪਬਲੀਸ਼ਰ ਹੈ ਤਾਂ ਬਰੌਡਕਾਸਟਿੰਗ ਐਕਟ ਵਿਚ ਸੋਧ ਦੀ ਕਾਰਵਾਈ ਸੋਸ਼ਲ ਮੀਡੀਆ ਅਤੇ ਦੂਸਰੇ ਡਿਜੀਟਲ ਪਲੇਟਫਾਰਮਾਂ 'ਤੇ ਵਿਅਕਤੀਗਤ ਪ੍ਰਗਟਾਵੇ ਨੂੰ ਪ੍ਰਭਾਵਤ ਕਰ ਸਕਦਾ ਹੈ, ਇਹ ਪੇਲਟਫਾਰਮ ਤਾਂ ਯੂਜ਼ਰਾਂ ਵਲੋਂ ਪੈਦਾ ਕੀਤੀ ਸਮੱਗਰੀ 'ਤੇ ਨਿਰਭਰ ਕਰਦੇ ਹਨ। ਇਹ ਗੱਲ ਅਜੇ ਸਪਸ਼ਟ ਨਹੀਂ ਕਿ ਬਿੱਲ ਕਾਨੂੰਨ ਬਣ ਜਾਵੇਗਾ ਜਾਂ ਨਹੀਂ.। ਬਿੱਲ ਦੇ ਸੈਨੇਟ ਵਿਚੋਂ ਪਾਸ ਹੋਣਾ ਵੀ ਜ਼ਰੂਰੀ ਹੈ।

## ਪੂਰਾ ਟੀਕਾਕਰਣ ਕਰਵਾਉਣ ਵਾਲੇ ਕੈਨੇਡੀਅਨਾਂ ਲਈ ਖ਼ਤਰਾ...

[ਸਫ਼ਾ 5 ਦੀ ਬਾਕੀ]

ਕੈਨੇਡੀਅਨਾਂ ਨੂੰ ਇਹ ਸੇਧ ਦੇਵੇਗਾ ਕਿ ਕੀ ਉਹ ਆਪਣੇ ਮਾਸਕ ਉਤਾਰਨ ਅਤੇ ਹਵਾ ਵੱਲ ਨੂੰ ਸੋਸ਼ਲ ਡਿਸਟੈਂਸਿੰਗ ਲਈ ਸੁਰੱਖਿਅਤ ਤੇ ਆਰਾਮਦੇਹ ਹਨ ਜਾਂ ਨਹੀਂ। ਉਨ੍ਹਾਂ ਇਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਇਹ ਸਾਰਿਆਂ ਲਈ ਇਕਸਾਰ ਨਹੀਂ ਕਿ ਹਰ ਕੋਈ ਆਪਣਾ ਮਾਸਕ ਉਤਾਰ ਦੇਵੇ ਤੇ ਹਰ ਕੋਈ ਉਹੀ ਕੰਮ ਕਰੇ ਜੋ ਉਹ ਚਾਹੁੰਦਾ ਹੈ। ਅਸੀਂ ਸਥਾਨਕ ਜਨਤਕ ਸਿਹਤ ਜ਼ਰੂਰਤਾਂ ਦਾ ਸਤਿਕਾਰ ਕਰਦਿਆਂ ਲੋਕਾਂ ਨੂੰ ਖ਼ਤਰਾ ਮੁਲਾਂਕਣ ਦੇ ਯੋਗ ਬਣਾਉਣਾ ਚਾਹੁੰਦੇ ਹਾਂ। ਘੱਟੋ ਘੱਟ 7.7 ਮਿਲੀਅਨ ਕੈਨੇਡੀਅਨ ਜਾਂ ਪੰਜ ਵਿਚੋਂ ਇਕ ਕੋਵਿਡ-19 ਟੀਕੇ ਦੀਆਂ ਦੋਵੇਂ ਖੁਰਾਕਾਂ ਲੈ ਚੁੱਕਾ ਹੈ ਅਤੇ ਇਹ ਗਰੁੱਪ ਦੋ ਜਾਂ ਤਿੰਨ ਦਿਨ ਵਿਚ ਇਕ ਮਿਲੀਅਨ ਲੋਕਾਂ ਨਾਲ ਵਧ ਰਿਹਾ ਹੈ। ਜੁਲਾਈ ਦੇ ਅਖੀਰ ਵਿਚ ਕੈਨੇਡਾ 12 ਸਾਲ ਤੋਂ ਵੱਧ ਉਮਰ ਦੇ ਸਾਰੇ ਕੈਨੇਡੀਅਨਾਂ ਦੇ ਮੁਕੰਮਲ ਟੀਕਾਕਰਣ ਦੀ ਉਮੀਦ ਕਰਦਾ ਹੈ। ਅਮਰੀਕਾ ਵਿਚ ਸੈਂਟਰ ਫਾਰ ਡਿਸੀਜ ਕੰਟਰੋਲ ਨੇ ਮਾਰਚ ਦੇ ਸ਼ੁਰੂ ਵਿਚ ਪੂਰੀ ਤਰ੍ਹਾਂ ਟੀਕਾਕਰਨ ਕਰਵਾ ਚੁੱਕੇ ਲੋਕਾਂ ਲਈ ਆਮ ਦਿਸ਼ਾ ਨਿਰਦੇਸ਼ ਜਾਰੀ ਕੀਤਾ ਸੀ ਜਦੋਂ 10 ਵਿਚੋਂ ਇਕ ਤੋਂ ਵੀ ਘੱਟ ਅਮਰੀਕੀ ਨੂੰ ਲੋੜੀਂਦੀਆਂ ਸਾਰੀਆਂ ਖੁਰਾਕਾਂ ਦੀ ਲੋੜ ਸੀ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

WE HAVE MOVED TO BIGGER & BETTER LOCATION
#208-7110-120TH ST, SURREY

Amandeep Singh
Justin Thind
ICBC
NO WIN NO FEE
WE DO HOME & HOSPITAL VISITS
Your Lawyers, Because We Care
▪ Criminal Law
▪ Divorce Cases
▪ Immigration Law
▪ Notary Services
Singh Thind and Associates
BARRISTERS & SOLICITORS
#208 7110 120TH ST,
SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM

# ਮਿਲਟਰੀ ਓਮਬਡਸਮੈਨ ਵਲੋਂ ਜਿਣਸੀ ਦੁਰਾਚਾਰ ਹੱਲ ਕਰਨ 'ਚ ਕੋਈ ਕਾਰਵਾਈ ਨਾ ਕਰਨ ਬਦਲੇ ਲਿਬਰਲ ਸਰਕਾਰ ਦੀ ਆਲੋਚਨਾ

ਓਟਵਾ-ਮਿਲਟਰੀ ਓਮਬਡਸਮੈਨ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਫੈਡਰਲ ਸਰਕਾਰ ਤੋਂ ਮੰਗ ਕੀਤੀ ਕਿ ਉਸ ਦੇ ਦਫ਼ਤਰ ਨੂੰ ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਅਤੇ ਮੰਤਰੀ ਦੇ ਦਫ਼ਤਰ ਤੋਂ ਮੁਕੰਮਲ ਆਜ਼ਾਦੀ ਦਿੱਤੀ ਜਾਵੇ। ਪ੍ਰੈਸ ਕਾਨਫਰੰਸ ਵਿਚ ਉਨ੍ਹਾਂ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਵਿਚ ਜਿਣਸੀ ਦੁਰਾਚਾਰ ਸੰਕਟ ਨੂੰ ਹੱਲ ਕਰਨ ਦੀ ਬਜਾਏ ਰਾਜਸੀ ਹਿੱਤਾਂ ਨੂੰ ਅੱਗੇ ਵਧਾਉਣ ਲਈ ਸਰਕਾਰ ਦੀ ਆਲੋਚਨਾ ਕੀਤੀ ਹੈ। ਪੇਸ਼ ਕੀਤੇ ਗਏ ਇਕ ਪੁਜ਼ੀਸ਼ਨ ਪੇਪਰ ਵਿਚ ਨੈਸ਼ਨਲ ਡਿਫੈਂਸ ਅਤੇ ਕੈਨੇਡੀਅਨ ਆਰਮਡ ਫੋਰਸਸ ਦੇ ਓਮਬਡਸਮੈਨ ਗਰੇਗਰੀ ਲਿਕ ਨੇ ਇਹ ਵੀ ਕਿਹਾ ਕਿ ਉਸ ਦਾ ਦਫ਼ਤਰ ਫੈਡਰਲ ਸਰਕਾਰ ਵਲੋਂ ਉਸ ਦੇ ਕੰਮ ਤੇ ਜਾਂਚ ਨੂੰ ਕੰਟਰੋਲ ਕਰਨ ਦੀਆਂ ਚਲਾਕੀ ਭਰੀਆਂ ਕੋਸ਼ਿਸ਼ਾਂ ਦਾ ਸ਼ਿਕਾਰ ਹੈ। ਲਿਕ ਨੇ ਪ੍ਰੈਸ ਕਾਨਫਰੰਸ ਦੀ ਇਹ ਕਹਿੰਦਿਆਂ ਸ਼ੁਰੂਆਤ ਕੀਤੀ ਕਿ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਅਤੇ ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਅੰਦਰ ਚਲ ਰਿਹਾ ਜਿਣਸੀ ਦੁਰਾਚਾਰ ਘੁਟਾਲਾ ਸੰਕਟ ਤੋਂ ਦੁਖਾਂਤ ਵੱਲ ਜਾ ਰਿਹਾ ਹੈ।


CAN-AM LUMBER MILL

WE CAN NOW SUPPLY COMPLETE HOME PACKAGE

Engineered Floor Joists, Roof Trusses

All the Framing lumber, Plywoods for Floors, Walls & Roof

**Always Low Prices**

2X6X8' Kiln Dry Fir **$4.95 EA**

1X4 Red Cedar 10' **$2.95 EA**

4X8X3/8" Paint Grade Plywood **$21.95 EA**

4X8X1/2" Paint Grade Plywood **$29.95 EA**

*APNA PUNJABI LUMBER YARD*

RING: MALKIT OR SAM SANGHA

604-580-1415

11635 130th St., Surrey, FAX: 604-580-1528

Email: can-ambuildingsupply@shaw.ca

*We Deliver to Your Job Site (Even to the Moon)*

"Where the Builders Buy"


# ਸਰੀ ਕਰੀਪ ਕੈਚਰਸ ਸਟਿੰਗ ਵਿਚ ਫੜੇ ਜਾਣ ਪਿੱਛੋਂ ਇੰਸਟਕਟਰ ਦੇ ਪੜ੍ਹਾਉਣ 'ਤੇ ਪਾਬੰਦੀ

ਸਰੀ-ਡੈਲਟਾ ਹਾਈ ਸਕੂਲ ਦੇ ਸਾਬਕਾ ਇੰਸਟਕਟਰ 'ਤੇ ਚਾਰ ਸਾਲ ਪਹਿਲਾਂ ਸਰੀ ਕਰੀਪ ਕੈਚਰਸ ਸਟਿੰਗ ਵਿਚ ਇਕ ਬੱਚੇ ਨੂੰ ਆਨਲਾਈਨ ਮਿਲਣ ਦੀ ਕੋਸ਼ਿਸ਼ ਕਰਦਿਆਂ ਫੜੇ ਜਾਣ ਪਿੱਛੋਂ ਪੜ੍ਹਾਉਣ 'ਤੇ ਪਾਬੰਦੀ ਲਾ ਦਿੱਤੀ ਹੈ। ਟੀਚਰ ਰੈਗੂਲੇਸ਼ਨ ਬਾਰੇ ਬੀਸੀ ਕਮਿਸ਼ਨਰ ਨੇ ਸਾਈਮਨ ਵਿਲੀਅਮ ਇਸਬਿਸਟਰ ਦੇ ਯੋਗਤਾ ਸਰਟੀਫਿਕੇਟ ਨੂੰ ਰੱਦ ਕਰਦਿਆਂ ਉਸ ਦੀਆਂ ਕਾਰਵਾਈਆਂ ਨੂੰ ਬਹੁਤ ਹੀ ਗੰਭੀਰ ਦੁਰਾਚਾਰ ਦੱਸਿਆ ਜਿਹੜੀਆਂ ਸਿੱਖਿਆ ਪ੍ਰਣਾਲੀ ਵਿਚ ਲੋਕਾਂ ਦੇ ਭਰੋਸੇ ਨੂੰ ਖੋਰਾ ਲਾਉਂਦੀਆਂ ਹਨ। ਕਮਿਸ਼ਨਰ ਦੇ ਫ਼ੈਸਲੇ ਮੁਤਾਬਿਕ 2017 ਵਿਚ ਇਸਬਿਸਟਰ ਨੇ ਕਰੈਗਲਿਸਟ ਦੇ ਕੈਜ਼ੂਅਲ ਇਨਕਾਊਟਰ ਭਾਗ ਵਿਚ ਇਸ਼ਤਿਹਾਰ ਦਿੱਤਾ ਕਿ ਕੋਈ ਉਸ ਨੂੰ ਅਤੇ ਕਿਸੇ ਹੋਰ ਵਿਅਕਤੀ ਨੂੰ ਮਿਲਣ ਲਈ ਲੱਭ ਰਿਹਾ ਹੈ ਜਿਸ ਬਾਰੇ ਇਸਬਿਸਟਰ ਸਹਿਮਤ ਸੀ ਕਿਇਹ ਸੱਚ ਹੈ। ਉਸ ਨੇ ਸੀਅਰਾ ਨਾਮੀ ਕਿਸੇ ਨੂੰ ਜਵਾਬ ਦਿੱਤਾ ਜਿਸ ਨੇ ਆਪਣੇ ਆਪ ਨੂੰ ਦੇ 18 ਸਾਲ ਦਾ ਹੋਣ ਦਾ ਦਾਅਵਾ ਕੀਤਾ ਪਰ ਬਾਅਦ ਵਿਚ ਕਿਹਾ ਕਿ ਉਹ 13 ਸਾਲ ਦੀ ਹੈ। ਸੀਅਰਾ ਨੇ ਇਕ ਤਸਵੀਰ ਸ਼ੇਅਰ ਕੀਤੀ ਜਿਸ ਵਿਚ ਲੜਕੀ ਦੇ ਹੇਠਲਾ ਚਿਹਰਾ ਦਿਖਾਈ ਦਿੰਦਾ ਸੀ ਅਤੇ ਉਸ ਦੀ ਜੀਭ ਵਿੰਨੀ ਹੋਈ ਸੀ। ਅਸਲ ਵਿਚ ਇਹ ਸੰਦੇਸ਼ ਵਿਜੀਲੈਂਸ ਗਰੁੱਪ ਸਰੀ ਕਰੀਪ ਕੈਚਰਸ ਵਲੋਂ ਭੇਜਿਆ ਗਿਆ ਸੀ ਜਿਸ ਪਿੱਛੋਂ ਉਹ ਕਰੀਪ ਕੈਚਰਸ ਵਲੋਂ ਵਿਛਾਏ ਜਾਲ ਵਿਚ ਫਸ ਗਿਆ। ਉਹ ਆਪਣਾ ਪੜ੍ਹਾਉਣ ਦਾ ਸਰਟੀਫਿਕਟੇ ਰੱਦ ਕਰਨ ਲਈ ਸਹਿਮਤ ਹੋ ਗਿਆ ਅਤੇ ਕਿਹਾ ਕਿ ਉਹ ਕਦੇ ਵੀ ਕਿੰਡਨਗਾਰਟਨ ਤੋਂ 12ਵੀਂ ਕਲਾਸ ਤਕ ਕਿਸੇ ਵੀ ਸਕੂਲ ਵਿਚ ਪੜ੍ਹਾਉਣ ਲਈ ਸਰਟੀਫਿਕੇਟ ਵਾਸਤੇ ਅਪਲਾਈ ਨਹੀਂ ਕਰੇਗਾ।

## ਕਾਤਲ ਨੇ ਸਜ਼ਾ ਸੁਣਾਏ ਜਾਣ ਸਮੇਂ ਹੰਝੂ ਕੇਰਦਿਆਂ ਮੁਆਫੀ ਮੰਗੀ

ਵੈਨਕੂਵਰ-ਵੈਨਕੂਵਰ ਦਾ ਵਿਅਕਤੀ ਜਿਸ ਨੂੰ ਕੌਸਟਕੋ ਸਟੋਰ ਦੇ ਬਾਹਰ ਇਕ ਸੀਨੀਅਰ ਨੂੰ ਕਤਲ ਕਰਨ ਬਦਲੇ ਦੋਸ਼ੀ ਕਰਾਰ ਦਿੱਤਾ ਗਿਆ ਸੀ ਨੇ ਸਜ਼ਾ ਸੁਣਾਏ ਜਾਣ ਸਮੇਂ ਅਦਾਲਤ ਵਿਚ ਕਤਲ ਕੀਤੇ ਵਿਅਕਤੀ ਦੇ ਪਰਿਵਾਰ ਤੋਂ ਹੰਝੂ ਕੇਰਦਿਆਂ ਮੁਆਫੀ ਮੰਗੀ ਹੈ। 61 ਸਾਲਾ ਥਾਮਸ ਸਟੀਫਨ ਟੋਥ ਨੂੰ 20 ਦਸੰਬਰ 2017 ਵਿਚ 86 ਸਾਲਾ ਓਰਲਾਂਡੋ ਓਕੈਂਪੋ ਦੇ ਮੈਨਸਲਾਟਰ ਲਈ ਕਸੂਰਵਾਰ ਪਾਇਆ ਗਿਆ ਸੀ। ਟੋਥ ਨੇ ਜਸਟਿਸ ਜੀਨ ਵੈਟਚੁੱਕ ਨੂੰ ਦੱਸਿਆ ਕਿ ਉਸ ਨੂੰ ਪਰਿਵਾਰ ਲਈ ਦੁੱਖ ਹੈ, ਜੋ ਕੁਝ ਵਾਪਰਿਆ ਹੈ ਉਸ ਦਾ ਉਸ ਨੂੰ ਅਫਸੋਸ ਹੈ, ਕਿੰਨਾ ਚੰਗਾ ਹੁੰਦਾ ਜੇਕਰ ਅਜਿਹਾ ਨਾ ਵਾਪਰਦਾ।

## ਪੰਜਾਬ 'ਚ ਕਰੋਨਾ ਕਾਰਣ 22 ਮੌਤਾਂ

ਚੰਡੀਗੜ੍ਹ-ਕਰੋਨਾਵਾਇਰਸ ਕਾਰਨ 24 ਘੰਟਿਆਂ ਦੌਰਾਨ ਪੰਜਾਬ 'ਚ 22 ਅਤੇ ਹਰਿਆਣਾ 'ਚ 19 ਜਣਿਆਂ ਦੀ ਮੌਤ ਹੋ ਗਈ ਹੈ। ਇਸ ਨਾਲ ਪੰਜਾਬ ਵਿੱਚ ਮਰਨ ਵਾਲਿਆਂ ਦੀ ਗਿਣਤੀ ਦਾ ਅੰਕੜਾ 15,923 ਅਤੇ ਹਰਿਆਣਾ ਵਿੱਚ 9314 'ਤੇ ਪਹੁੰਚ ਗਿਆ ਹੈ। ਸਿਹਤ ਵਿਭਾਗ ਅਨੁਸਾਰ ਅੱਜ ਪੰਜਾਬ ਵਿੱਚ 496 ਪਾਜ਼ੇਟਿਵ ਕੇਸ ਪਾਏ ਗਏ ਹਨ ਜਦਕਿ 801 ਨੂੰ ਠੀਕ ਹੋਣ ਤੋਂ ਬਾਅਦ ਛੁੱਟੀ ਕਰ ਦਿੱਤੀ ਹੈ। ਸੂਬੇ ਵਿੱਚ 5641 ਐਕਟਿਵ ਕੇਸ ਹਨ। ਸਿਹਤ ਵਿਭਾਗ ਅਨੁਸਾਰ 24 ਘੰਟਿਆਂ ਦੌਰਾਨ ਜਲੰਧਰ 'ਚ 7, ਬਠਿੰਡਾ, ਫਿਰੋਜ਼ਪੁਰ, ਮੁਕਤਸਰ 'ਚ 2-2, ਅੰਮ੍ਰਿਤਸਰ, ਬਰਨਾਲਾ, ਫਰੀਦਕੋਟ, ਫਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਲੁਧਿਆਣਾ, ਰੋਪੜ ਅਤੇ ਸੰਗਰੂਰ 'ਚ ਇਕ-ਇਕ ਜਣੇ ਦੀ ਕਰੋਨਾ ਕਾਰਨ ਮੌਤ ਹੋ ਗਈ ਹੈ। ਦੂਜੇ ਪਾਸੇ ਹਰਿਆਣਾ ਵਿੱਚ 174 ਨਵੇਂ ਕੇਸ ਸਾਹਮਣੇ ਆਏ ਹਨ ਜਦਕਿ 195 ਨੂੰ ਠੀਕ ਹੋਣ ਤੋਂ ਬਾਅਦ ਛੁੱਟੀ ਕਰ ਦਿੱਤੀ ਹੈ। ਇਸ ਸਮੇਂ ਸੂਬੇ 'ਚ 2160 ਐਕਟਿਵ ਕੇਸ ਹਨ।

# ਰੈਜ਼ੀਡੈਂਸ਼ੀਅਲ ਸਕੂਲ ਦੇ ਗ੍ਰਾਊਂਡ ਵਿੱਚੋਂ ਮਿਲੀਆਂ 751 ਕਬਰਾਂ

[ਸਫ਼ਾ 3 ਦੀ ਬਾਕੀ]

ਚੱਲਿਆ ਪਰ ਡੇਲਰੋਮ ਨੇ ਆਖਿਆ ਕਿ ਮਸ਼ੀਨ ਬਿਲਕੁਲ ਸਹੀ ਤਾਂ ਨਹੀਂ ਦੱਸ ਸਕਦੀ 10 ਤੋਂ 15 ਫੀ ਸਦੀ ਕਮੀ ਦੀ ਗੁੰਜਾਇਸ਼ ਤਾਂ ਹੁੰਦੀ ਹੀ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਕਬਰਾਂ ਦੀ ਪੁਸ਼ਟੀ ਟੈਕਨੀਕਲ ਟੀਮ ਵੱਲੋਂ ਕੀਤੀ ਗਈ ਹੈ ਤੇ ਆਉਣ ਵਾਲੇ ਹਫਤਿਆਂ ਵਿੱਚ ਸਾਨੂੰ ਸਹੀ ਅੰਕੜੇ ਵੀ ਪਤਾ ਲੱਗ ਜਾਣਗੇ। ਜਾਂਚ ਦੇ ਇਸ ਪੱਧਰ ਉੱਤੇ ਅਜੇ ਇਹ ਨਹੀਂ ਆਖਿਆ ਜਾ ਸਕਦਾ ਕਿ ਇਹ ਕਬਰਾਂ ਸਿਰਫ ਬੱਚਿਆਂ ਦੀਆਂ ਹੀ ਹਨ ਕਿਉਂਕਿ ਇਹ ਨਿਸ਼ਾਨਬੱਧ ਨਹੀਂ ਹਨ। ਡੈਲਰੋਮ ਨੇ ਆਖਿਆ ਕਿ ਉਹ ਅਜਿਹੀਆਂ ਕਹਾਣੀਆਂ ਸੁਣਦੇ ਆ ਰਹੇ ਹਨ ਕਿ ਇੱਥੇ ਬੱਚਿਆਂ ਦੇ ਨਾਲ ਨਾਲ ਬਾਲਗ ਵੀ ਦਫਨ ਹਨ। ਉਨ੍ਹਾਂ ਆਖਿਆ ਕਿ ਇਸ ਸਕੂਲ ਵਿੱਚ ਦੱਖਣੀ ਸਸਕੈਚਵਨ ਦੇ ਨਾਲ ਨਾਲ ਮੈਨੀਟੋਬਾ ਤੋਂ ਵੀ ਵਿਦਿਆਰਥੀ ਆਉਂਦੇ ਸਨ ਉਨ੍ਹਾਂ ਇਸ ਗੱਲ ਦੀ ਪੁਸ਼ਟੀ ਤਾਂ ਨਹੀਂ ਕੀਤੀ ਕਿ ਕਿਹੜੇ ਨੇਸ਼ਨਜ਼ ਦੇ ਬੱਚੇ ਇੱਥੇ ਆਉਂਦੇ ਸਨ ਪਰ ਉਨ੍ਹਾਂ ਆਖਿਆ ਕਿ ਬਹੁਗਿਣਤੀ ਬੱਚੇ ਟ੍ਰੀਟੀ ਫੋਰ ਨੇਸ਼ਨਜ਼ ਤੋਂ ਇੱਥੇ ਆਉਂਦੇ ਸਨ।


idea immigration

SUPER VISAS & PNPs

ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ




- **Specialist in marriage appeals & residency appeals**
- **Under express entry program applicant can come to Canada within 6 month. For assessments you can visit or call.**
- **Immigration under investment programme**

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
- 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
- ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ

ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।

**ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।**

Navneet Sharma 778-320-0620

Ph:604-597-1119 | Fax:604-593-5099

#209-7928, 128st. Surrey BC V3W 4E8

info@ideaimmigration.com | www.ideaimmigration.com



OASIS WINDOWS clearly better windows

OASIS WINDOWS INC.


** Quality Products * Superior Service.*

ENERGY STAR

Attractive, Energy Efficient And Quality Windows For Your Dream Home Or Housing Projects Or For Renovation

MEMBER BBB BC Mainland

• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES




"We are not satisfied until you are"

Phone: (604) 597 - 5033 Fax: (604) 597 - 5029

Tollfree: 1-800-665-2350

19025-52nd Ave., Surrey, BC

*Serving Alberta, British Columbia, Washington & California Since 1989*

www.oasiswindows.com

# ਰਾਮਗੜ੍ਹੀਆ ਵਿਰਾਸਤ ਇੱਕ ਵਿਲੱਖਣ ਅਤੇ ਨਿਵੇਕਲੀ ਪੁਸਤਕ-ਠਾਕੁਰ ਦਲੀਪ ਸਿੰਘ

ਸਰੀ (ਹਰਦਮ ਮਾਨ)-'ਰਾਮਗੜ੍ਹੀਆ ਵਿਰਾਸਤ' ਪੂਰੇ ਵਿਸ਼ਵ ਵਿਚ ਇੱਕ ਵਿਲੱਖਣ ਅਤੇ ਨਿਵੇਕਲੀ ਪੁਸਤਕ ਆਈ ਹੈ, ਜੋ ਰਾਮਗੜ੍ਹੀਆ ਸ਼ਿਲਪਕਾਰਾਂ ਦੀ ਬਰਾਦਰੀ ਅਤੇ ਉਹਨਾਂ ਦੇ ਕਿੱਤੇ, ਉਹਨਾਂ ਦੀਆਂ ਮਹਾਨ ਹਸਤੀਆਂ ਨੂੰ ਉਜਾਗਰ ਕਰਦੀ ਹੈ। ਆਪਣੇ ਵੀਡੀ ? ਸੁਨੇਹੇ ਰਾਹੀਂ ਇਹ ਵਿਚਾਰ ਪ੍ਰਗਟ ਕਰਦਿਆਂ ਨਾਮਧਾਰੀ ਸੰਪਰਦਾ ਦੇ ਮੁਖੀ ਠਾਕੁਰ ਦਲੀਪ ਸਿੰਘ ਨੇ ਕਿਹਾ ਹੈ ਕਿ ਸ੍ਰ। ਜੈਤੇਗ ਸਿੰਘ ਅਨੰਤ ਨੇ ਇਸ ਪੁਸਤਕ ਰਾਹੀਂ ਇਕ ਇਹੋ ਜਿਹਾ ਮੀਲ-ਪੱਥਰ ਗੱਡਿਆ ਹੈ ਜੋ ਅੱਜ ਤੱਕ ਹੋਰ ਕਿਸੇ ਨੇ ਨਹੀਂ ਕੀਤਾ। ਸਚਿੱਤਰ, ਵੱਡ ਆਕਾਰੀ, ਸੁੰਦਰ ਛਪਾਈ ਵਾਲੀ ਇਸ ਪੁਸਤਕ ਦੀ ਸਭ ਤੋਂ ਖਾਸ ਗੱਲ ਇਹ ਹੈ ਕਿ ਰਾਮਗੜ੍ਹੀਆ ਬਰਾਦਰੀ ਦੇ ਦੁਰਲੱਭ ਹੀਰੇ-ਮੋਤੀ, ਜਵਾਹਰਾਤ ਇਸ ਵਿਚ ਇਕੱਤਰ ਕੀਤੇ ਗਏ ਹਨ ਅਤੇ ਇਹ ਇੰਨੀ ਵੱਡੀ ਗਿਣਤੀ ਵਿਚ ਹਨ, ਜਿਨ੍ਹਾਂ ਨੇ ਇੰਨੇ ਵੱਡੇ ਕਾਰਨਾਮੇ ਕੀਤੇ ਪਰ ਉਨ੍ਹਾਂ ਬਾਰੇ ਕਿਸੇ ਨੂੰ ਪਤਾ ਹੀ ਨਹੀਂ, ਰਾਮਗੜ੍ਹੀਆਂ ਨੂੰ ਵੀ ਨਹੀਂ ਪਤਾ। ਇਹ ਖੋਜ ਭਰਪੂਰ ਪੁਸਤਕ ਹਰੇਕ ਸੱਜਣ ਨੂੰ ਪੜ੍ਹਨੀ ਚਾਹੀਦੀ ਹੈ ਅਤੇ ਹਰ ਲਾਇਬ੍ਰੇਰੀ ਵਿਚ ਹੋਣੀ ਚਾਹੀਦੀ ਹੈ। ਰਾਮਗੜ੍ਹੀਆ ਨਾਮ ਤੋਂ ਅਤੇ ਬਾਹਰੀ ਦਿੱਖ ਤੋਂ ਇਹ ਪੁਸਤਕ ਸਿਰਫ ਸਿੱਖਾਂ ਭਾਵ ਕੇਸਾਧਾਰੀ ਸਿੱਖਾਂ ਨਾਲ ਹੀ ਸੰਬੰਧਿਤ ਜਾਪਦੀ ਹੈ ਪਰ ਅੰਦਰ ਜਾ ਕੇ ਝਾਤੀ ਮਾਰਨ ਨਾਲ ਇਸ ਵਿਚ ਸਿੱਖਾਂ ਦੇ ਨਾਲ ਕੇਸ ਰਹਿਤ ਸਿੱਖਾਂ ਬਾਰੇ ਵੀ ਬਹੁਤ ਕੁਝ ਪਤਾ ਲਗਦਾ ਹੈ ਕਿ ਕਿਵੇਂ ਕੇਸ ਰਹਿਤ ਸਿੱਖਾਂ ਨੇ ਬਹੁਤ ਮੱਲਾਂ ਮਾਰੀਆਂ ਅਤੇ ਪ੍ਰਾਪਤੀਆਂ ਕੀਤੀਆਂ। ਇਸ ਪੁਸਤਕ ਵਿਚ ਅਮਰੀਕਾ ਦੇ ਰਾਸ਼ਟਰਪਤੀ ਅਬ੍ਰਾਹਮ ਲਿੰਕਨ ਅਤੇ ਹਜ਼ਰਤ ਈਸਾ ਮਸੀਹ ਬਾਰੇ ਵੀ ਜ਼ਿਕਰ ਕੀਤਾ ਹੈ ਕਿ ਉਹ ਵੀ ਤਰਖਾਣਾਂ ਵਿੱਚੋਂ ਸਨ। ਇਹ ਸਾਰਾ ਕੁਝ ਵੇਖ ਕੇ ਅਚੰਭਿਤ ਰਹਿ ਜਾਈਦਾ ਹੈ, ਹੈਰਾਨੀ ਵੀ ਹੁੰਦੀ ਹੈ ਕਿ ਅਨੰਤ ਜੀ ਨੇ ਸਾਰੇ ਸੰਸਾਰ ਵਿੱਚੋਂ ਇੰਨੀ ਵੱਡੀ ਖੋਜ ਕਰਕੇ, ਇਸ ਤਰ੍ਹਾਂ ਦੀਆਂ ਵੱਡੀਆਂ ਹਸਤੀਆਂ ਅਤੇ ਉਹਨਾਂ ਦੇ ਜੀਵਨ ਨੂੰ ਅੰਕਿਤ ਕੀਤਾ ਹੈ। ਸ। ਜੈਤੇਗ ਸਿੰਘ ਅਨੰਤ ਜੀ ਅੰਦਰ ਸਿੱਖੀ ਭਾਵਨਾ ਬੜੀ ਪ੍ਰਬਲ ਭਰੀ ਪਈ ਹੈ ਅਤੇ ਇਹ ਭਾਵਨਾ ਨੂੰ ਉਹ ਆਪਣੇ ਅੰਦਰ ਹੀ ਨਹੀਂ ਰੱਖਦੇ ਸਗੋਂ ਇਸ ਭਾਵਨਾ ਨੂੰ ਪ੍ਰਚੰਡ ਕਰਕੇ ਬਾਹਰ ਲੋਕਾਂ ਤੱਕ ਵੀ ਪਹੁੰਚਾਉਂਦੇ ਹਨ। ਉਹ ਬੜੇ ਪੱਕੇ ਗੁਰਸਿੱਖ ਹਨ। ਉਹ ਬੜੇ ਵਧੀਆ ਲੇਖਕ, ਉੱਘੇ ਪੱਤਰਕਾਰ ਅਤੇ ਫੋਟੋਗ੍ਰਾਫਰ ਵੀ ਹਨ। ਇਸ ਪੁਸਤਕ ਰਾਹੀਂ ਉਨ੍ਹਾਂ ਜਿੱਥੇ ਰਾਮਗੜ੍ਹੀਆਂ ਦਾ ਵਿਰਸਾ ਸੰਭਾਲਿਆ ਹੈ, ਉੱਥੇ ਸਿੱਖੀ ਦਾ ਵਿਰਸਾ ਵੀ ਸੰਭਾਲਿਆ ਹੈ । ਇਸ ਤੋਂ ਪਹਿਲਾਂ ਵੀ ਚੋਖੀਆਂ ਪੁਸਤਕਾਂ ਲਿਖ ਕੇ ਉਹਨਾਂ ਨੇ ਸਿੱਖ ਪੰਥ ਅਤੇ ਮਾਂ ਬੋਲੀ ਪੰਜਾਬੀ ਦੀ ਸੇਵਾ ਕੀਤੀ ਹੈ ਅਤੇ ਆਪਣੇ ਪੰਥ ਦੀ ਵਿਰਾਸਤ ਸੰਭਾਲੀ ਹੈ। ਇਸ ਪੁਸਤਕ ਵਿਚ ਅਨੰਤ ਜੀ ਨੇ ਸਿੱਖ ਸਿਆਸਤ ਤੋਂ ਉੱਪਰ ਉਠ ਕੇ ਗਿਆਨੀ ਜ਼ੈਲ ਸਿੰਘ ਜੀ ਵਰਗੀ ਮਹਾਨ ਹਸਤੀ ਦਾ ਨਾਮ ਵੀ ਇਸ ਪੁਸਤਕ ਵਿਚ ਦੇ ਕੇ ਬਹੁਤ ਵਧੀਆ ਕਾਰਜ ਕੀਤਾ ਹੈ, ਨਹੀਂ ਤਾਂ ਬਹੁਤ ਸਾਰੇ ਸਿੱਖ ਤਾਂ ਗਿਆਨੀ ਜ਼ੈਲ ਸਿੰਘ ਨੂੰ ਕਾਂਗਰਸੀ ਹੋਣ ਕਰ ਕੇ ਸਿੱਖ ਹੀ ਨਹੀਂ ਮੰਨਦੇ। ਪੁਸਤਕ ਵਿਚ ਨਾਮਧਾਰੀਆਂ ਨੂੰ ਵੀ ਕਈ ਪੰਨੇ ਦੇ ਕੇ ਮਾਣ ਦਿੱਤਾ ਹੈ। ਸਤਿਗੁਰੂ ਰਾਮ ਸਿੰਘ ਜੀ ਬਾਰੇ, ਉਹਨਾਂ ਨੇ ਸਿੱਖੀ ਵਾਸਤੇ ਜਿਹੜਾ ਪ੍ਰਚਾਰ ਕੀਤਾ ਅਤੇ ਦੇਸ਼ ਵਾਸਤੇ ਜੋ ਕੁਝ ਕੀਤਾ, ਇਹ ਸਾਰੇ ਵੇਰਵੇ ਲਈ ਪੁਸਤਕ ਵਿਚ ਦਰਜ ਕੀਤੇ ਗਏ ਹਨ। ਸਿੱਖ ਪੰਥ ਵਿਚ, ਸਿੱਖ ਸਿਆਸਤ ਵਿਚ, ਖਾਲਸਾ ਅਤੇ ਸਿੱਖ ਰਾਜ ਸਥਾਪਿਤ ਕਰਨ ਵਿਚ ਉਸ ਸਮੇਂ ਦੀ ਰਾਮਗੜ੍ਹੀਆ ਮਿਸਲ ਦਾ ਬਹੁਤ ਵੱਡਾ ਹੱਥ ਸੀ। ਜੱਸਾ ਸਿੰਘ ਰਾਮਗੜ੍ਹੀਆ ਨੇ ਉਸ ਸਮੇਂ ਬੜਾ ਵੱਡਾ ਅਤੇ ਵਧੀਆ ਕਿਰਦਾਰ ਨਿਭਾਇਆ। ਉਹਨਾਂ ਦਾ ਮੁੱਖ ਪੰਨੇ ਤੇ ਚਿੱਤਰ ਦੇ ਕੇ, ਉਹਨਾਂ ਨੇ ਰਾਮਗੜ੍ਹੀਆਂ ਦਾ ਅਤੇ ਸਿੱਖਾਂ ਦਾ ਵੀ ਨਾਮ ਉੱਚਾ ਕੀਤਾ ਹੈ ਅਤੇ ਰੌਸ਼ਨ ਕੀਤਾ ਹੈ।




## ਵੈਨਕੂਵਰ ਆਈਲੈਂਡ 'ਤੇ ਓਲਡ-ਗਰੋਥ ਲੌਗਿੰਗ ਖਿਲਾਫ ਨਾਕੇਬੰਦੀ ਲਈ 11 ਵਿਅਕਤੀ ਗ੍ਰਿਫਤਾਰ

ਵੈਨਕੂਵਰ-ਆਰਸੀਐਮਪੀ ਨੇ ਦੱਖਣੀ ਪੱਛਮੀ ਵੈਨਕੂਵਰ ਆਈਲੈਂਡ 'ਤੇ ਓਲਡ-ਗਰੋਥ ਲੌਗਿੰਗ ਨੂੰ ਜਾਣ ਤੋਂ ਰੋਕਣ ਲਈ ਨਾਕੇਬੰਦੀ ਕਰਕੇ ਬੈਠੇ 11 ਹੋਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਪੋਰਟ ਰੇਨਫਰਿਉ ਨੇੜੇ ਬਰੈਡਨ ਮੇਨਲਾਈਨ ਫੌਰੈਸਟ ਸਰਵਿਸ ਰੋਡ ਇਲਾਕੇ ਵਿਚ ਲੋਕਾਂ ਨੂੰ ਜ਼ਮੀਨ ਤੋਂ ਲਾਂਭੇ ਕਰਨ ਦੀ ਇੰਜੈਕਸ਼ਨ ਆਰਡਰ ਨੂੰ ਲਾਗੂ ਕਰ ਰਹੀ ਸੀ। ਸਾਰੇ 11 ਵਿਅਕਤੀਆਂ 'ਤੇ ਇੰਜੈਕਸ਼ਨ ਦੀ ਉਲੰਘਣਾ ਦੇ ਦੋਸ਼ ਲਗਾਏ ਗਏ ਹਨ। ਇਕ ਵਿਅਕਤੀ ਨੂੰ ਲਾਕਿੰਗ ਉਪਕਰਣਾਂ ਜਿਹੜੇ ਇੰਜਕਸ਼ਨ ਦੀ ਉਲੰਘਣਾ ਕਰਕੇ ਸਰਗਰਮੀ ਨਾਲ ਵਰਤੇ ਜਾ ਰਹੇ ਹਨ ਨੂੰ ਡਿਜ਼ਾਈਨ ਕਰਨ ਤੇ ਬਣਾਉਣ ਲਈ ਵੀ ਗ੍ਰਿਫਤਾਰ ਕੀਤਾ ਹੈ। ਆਰਸੀਐਮਪੀ ਨੇ 17 ਮਈ ਨੂੰ ਕਈ ਥਾਵਾਂ ਤੋਂ ਨਾਕੇਬੰਦੀ ਤੇ ਮੁਜ਼ਾਹਰਾਕਾਰੀਆਂ ਨੂੰ ਹਟਾਉਣ ਲਈ ਸੁਪਰੀਮ ਕੋਰਟ ਦੇ ਇੰਜੈਕਸ਼ਨ ਆਰਡਰ ਨੂੰ ਲਾਗੂ ਕਰਨਾ ਸ਼ੁਰੂ ਕੀਤਾ ਸੀ। ਉਸ ਸਮੇਂ ਤੋਂ ਹੁਣ ਤਕ 271 ਵਿਅਕਤੀਆਂ ਖਿਲਾਫ ਦੋਸ਼ ਲਗਾਏ ਗਏ ਹਨ।

## ਬੀਚ ਫਰੰਟ ਵਾਲੀ ਮੈਨਸ਼ਨ ਦੀ ਰਿਕਾਰਡ 12 ਮਿਲੀਅਨ ਡਾਲਰ ਵਿਚ ਵਿਕਰੀ

ਵਿਕਟੋਰੀਆ-ਵੈਨਕੂਵਰ ਇਲਾਕੇ ਦੇ ਸੰਭਾਵਤ ਖਰੀਦਦਾਰਾਂ ਦੀ ਦਿਲਚਸਪੀ ਖਿੱਚਣ ਵਾਲੀ ਵਿਕਟੋਰੀਆ ਨੇੜੇ 67 ਏਕੜ ਵਿਚ ਫੈਲੀ ਸਮੁੰਦਰੀ ਫਰੰਟ ਵਾਲੀ ਪ੍ਰਾਪਰਟੀ ਸਟਰਾਈਕਿੰਗ ਐਂਡ ਰਿਮੋਟ ਮੈਨਸ਼ਨ 12 ਮਿਲੀਅਨ ਡਾਲਰ ਵਿਚ ਵਿਕ ਗਈ ਹੈੱ ਅਤੇ ਆਖਰਕਾਰ ਉਹ ਸ਼ਹਿਰ ਦੀ ਮਲਟੀਪਲ ਲਿਸਟਿੰਗ ਸਰਵਿਸ ਵਿਚ ਸਭ ਤੋਂ ਵੱਧ ਮੁੱਲ ਵਾਲੀ ਵਿਕਰੀ ਰਹੀ ਹੈ। ਸੋਥਬੀ ਦੇ ਇੰਟਰਨੈਸ਼ਨਲ ਰਿਐਲਟੀ ਕੈਨੇਡਾ ਏਜੰਟ ਲੋਗਨ ਵਿਲਸਨ ਨੇ ਕਿਹਾ ਕਿ 10.5 ਮਿਲੀਅਨ ਦਾ ਪਿਛਲਾ ਰਿਕਾਰਡ 2006 ਵਿਚ ਬਣਿਆਂ ਸੀ। ਉਸ ਨੇ ਵਿਕਰੇਤਾ ਵਿਕਟੋਰੀਆ ਦੇ ਕਾਰੋਬਾਰੀ ਰਾਉਲ ਮਲਕ ਦੀ ਪ੍ਰਤੀਨਿਧਤਾ ਕੀਤੀ ਜਿਹੜਾ ਵੇਸਟਿਨ ਬੀਅਰ ਮਾਉਂਟੇਨ ਗੋਲਫ ਰਿਜ਼ਾਰਟ ਦਾ ਮਾਲਕ ਹੈ। ਸੌਥਬੀ ਨੇ ਵਿਕਰੀ ਦਾ ਐਲਾਨ ਕੀਤਾ ਪਰ ਵੇਰਵੇ ਨਹੀਂ ਦਿੱਤੇ। ਪ੍ਰਾਪਰਟੀ ਜਿਸ ਦੀ ਮਾਰਕੀਟ ਵਿਚ ਕੀਮਤ 2018 ਤੋਂ ਸਮੇਂ ਸਮੇਂ 'ਤੇ ਘਟਦੀ ਵਧਦੀ ਰਹੀ ਹੈ 2020 ਵਿਚ ਜਦੋਂ ਮਈ ਵਿਚ ਕੋਵਿਡ-19 ਲਾਕਡਾਉਨ ਹਟਾ ਲਿਆ ਸੀ 12.9 ਮਿਲੀਅਨ ਡਾਲਰ ਦੀ ਵਿਕਰੀ ਲਈ ਸੂਚੀਬੱਧ ਕੀਤੀ ਗਈ ਸੀ। ਹਾਲ ਹੀ ਵਿਚ ਇਸ ਨੂੰ 14.1 ਮਿਲੀਅਨ ਡਾਲਰ ਲਈ ਸੂਚੀਬੱਧ ਕੀਤਾ ਗਿਆ ਸੀ।

**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

*We Can Help You Sell Your House!*

**Satvir Cheema**
**604-240-9148**



CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 26 ਜੂਨ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*

**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St., Surrey, BC, V3W 4E8



info@amrikcheema.com

## ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੀ ਸਜ਼ਾ ਪੂਰੀ ਹੋਈ



ਨਵੀਂ ਦਿੱਲੀ-ਅਧਿਆਪਕ ਭਰਤੀ ਘੁਟਾਲਾ ਮਾਮਲੇ ਵਿੱਚ ਦਸ ਸਾਲ ਦੀ ਸਜ਼ਾ ਭੁਗਤ ਰਹੇ ਅਤੇ ਫਿਲਹਾਲ ਪੈਰੋਲ 'ਤੇ ਚੱਲ ਰਹੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਤਿਹਾੜ ਜੇਲ੍ਹ ਤੋਂ ਰਿਹਾਅ ਕਰ ਦਿੱਤੇ ਜਾਣਗੇ ਕਿਉਂਕਿ ਦਿੱਲੀ ਸਰਕਾਰ ਨੇ ਸਜ਼ਾ ਵਿੱਚ ਛੇ ਮਹੀਨੇ ਘੱਟ ਕਰਨ ਦੀ ਛੋਟ ਦੇ ਦਿੱਤੀ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਦਿੱਲੀ ਸਰਕਾਰ ਨੇ ਕੋਵਿਡ-19 ਮਹਾਮਾਰੀ ਦੇ ਮੱਦੇਨਜ਼ਰ ਜੇਲ੍ਹ ਵਿੱਚ ਭੀੜ ਨੂੰ ਘਟਾਉਣ ਲਈ ਸੋਮਵਾਰ ਨੂੰ ਆਦੇਸ਼ ਪਾਸ ਕਰ ਕੇ ਉਨ੍ਹਾਂ ਕੈਦੀਆਂ ਨੂੰ ਸਜ਼ਾ ਵਿੱਚ ਛੇ ਮਹੀਨੇ ਦੀ ਵਿਸ਼ੇਸ਼ ਛੋਟ ਦਿੱਤੀ ਹੈ, ਜੋ ਆਪਣੀ ਦਸ ਸਾਲ ਦੀ ਸਜ਼ਾ 'ਚੋਂ ਸਾਢੇ ਨੌਂ ਸਾਲ ਪੂਰੇ ਕਰ ਚੁੱਕੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਕਿਉਂਕਿ 86 ਸਾਲਾ ਸਾਬਕਾ ਮੁੱਖ ਮੰਤਰੀ ਚੌਟਾਲਾ ਆਪਣੀ ਨੌਂ ਸਾਲ ਨੌਂ ਮਹੀਨੇ ਦੀ ਸਜ਼ਾ ਪੂਰੀ ਕਰ ਚੁੱਕੇ ਹਨ, ਇਸ ਲਈ ਉਹ ਜੇਲ੍ਹ 'ਚੋਂ ਰਿਹਾਅ ਹੋਣ ਦੇ ਹੱਕਦਾਰ ਹਨ। ਸੀਨੀਅਰ ਅਧਿਕਾਰੀ ਨੇ ਦੱਸਿਆ, "ਚੌਟਾਲਾ 16 ਜਨਵਰੀ 2013 ਤੋਂ ਜੇਲ੍ਹ ਵਿੱਚ ਹਨ। ਕਰੋਨਾ ਕਾਰਨ ਉਨ੍ਹਾਂ ਨੂੰ 26 ਮਾਰਚ 2020 ਤੋਂ 21 ਫਰਵਰੀ 2021 ਤੱਕ ਪੈਰੋਲ ਦਿੱਤੀ ਗਈ ਸੀ। ਹਾਈ ਕੋਰਟ ਨੇ ਉਨ੍ਹਾਂ ਦੀ ਪੈਰੋਲ ਵਧਾ ਦਿੱਤੀ ਸੀ।" ਅਧਿਕਾਰੀ ਨੇ ਦੱਸਿਆ ਕਿ 21 ਫਰਵਰੀ ਨੂੰ ਉਨ੍ਹਾਂ ਜੇਲ੍ਹ ਵਿੱਚ ਦੋ ਮਹੀਨੇ ਅਤੇ 27 ਦਿਨਾਂ ਦਾ ਹੋਰ ਸਮਾਂ ਬਿਤਾਉਣਾ ਸੀ, ਜਿਸ ਤੋਂ ਹੁਣ ਛੋਟ ਦੇ ਦਿੱਤੀ ਗਈ ਹੈ।

# ਕੈਪਟਨ ਕੁਰਸੀ ਬਚਾਉਣ ਲਈ ਬਾਦਲ ਸਾਹਿਬ ਨੂੰ ਕਰਵਾਉਣਗੇ ਗ੍ਰਿਫ਼ਤਾਰ-ਬਿਕਰਮ ਸਿੰਘ ਮਜੀਠੀਆ

### ਕਾਂਗਰਸ ਨੇ ਬਾਦਲਾਂ ਨੂੰ ਜਦੋਂ ਵੀ ਜੇਲ੍ਹ ਭੇਜਿਆ ਉਹ ਮੁੱਖ ਮੰਤਰੀ ਬਣ ਕੇ ਬਾਹਰ ਆਏ

ਚੰਡੀਗੜ੍ਹ-ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਸ਼ੱਕ ਪ੍ਰਗਟ ਕੀਤਾ ਹੈ ਕਿ ਆਉਂਦੇ ਇਕ-ਦੋ ਮਹੀਨਿਆਂ ਵਿਚ ਪੰਜਾਬ ਸਰਕਾਰ ਬਾਦਲ ਪਰਿਵਾਰ ਨੂੰ ਜੇਲ੍ਹ ਭੇਜ ਦੇਵੇਗੀ ਉਨ੍ਹਾਂ ਕਿਹਾ ਕਿ ਪਿਛਲੇਅਪ੍ਰੈਲ ਵਿਚ ਉਨ੍ਹਾਂ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦਾ ਖੁਲਾਸਾ ਕੀਤਾ ਸੀ, ਜੋ ਸੱਚ ਨਿਕਲਿਆ ਹੈ। ਬਿਕਰਮ ਸਿੰਘ ਮਜੀਠੀਆ ਨੇ ਏਥੇ ਕਿਹਾ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਤੇ 18 ਨੁਕਤਿਆਂ ਰਾਹੀਂ ਹੁਕਮ ਦਿੱਤਾ ਕਿ ਜੇ ਉਨ੍ਹਾਂ ਨੇ ਮੁੱਖ ਮੰਤਰੀ ਦੀ ਕੁਰਸੀ ਬਚਾਉਣੀ ਹੈ ਤਾਂ ਉਹ ਬਾਦਲ ਪਰਿਵਾਰ ਨੂੰ ਜੇਲ੍ਹ ਭੇਜਣ ਦਾ ਹੁਕਮ ਦੇਣ। ਉਨ੍ਹਾਂ ਦੋਸ਼ ਲਾਇਆ ਕਿ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਈ ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਜੇਲ੍ਹ ਭੇਜਿਆ ਸੀ ਅਤੇ ਅੱਜ ਉਸ ਦੀ ਪਾਰਟੀ ਦੀ ਸੋਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬਦਨਾਮੀ ਕਰਨ ਦੀ ਹੈ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਆਪਣੀ ਸਾਖ਼ ਬਚਾਉਣ ਲਈ



ਬਾਦਲਾਂ ਨੂੰ ਜੇਲ੍ਹ ਭੇਜ ਸਕਦੀ ਹੈ, ਪਰ ਇਹ ਯਾਦ ਰੱਖਣ ਕਿ ਜਦੋਂ ਵੀ ਕਾਂਗਰਸ ਸਰਕਾਰ ਨੇ ਬਾਦਲਾਂ ਨੂੰ ਜੇਲ੍ਹ ਭੇਜਿਆ ਹੈ, ਉਹ ਜੇਲ੍ਹ ਵਿਚੋਂ ਮੁੱਖ ਮੰਤਰੀ ਬਣ ਕੇ ਆਏ ਹਨ। ਮਜੀਠੀਆ ਨੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰਦੀ ਵਿਸ਼ੇਸ਼ ਟੀਮ(ਐੱਸ ਆਈ ਟੀ) ਤੋਂਮੰਗ ਕੀਤੀ ਕਿ ਉਹ ਬੇਅਦਬੀ ਕਾਂਡ ਦੀ ਸਾਜ਼ਿਸ਼ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀ ਭੂਮਿਕਾ ਦੀ ਜਾਂਚ ਕਰਦੇ ਹੋਏ ਇਸ ਸਾਜ਼ਿਸ਼ ਦਾ ਲਾਭ ਲੈਣ ਵਾਲਿਆਂ ਦਾ ਨਾਰਕੋ ਟੈਸਟ ਕਰਾਉਣ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈ ਕਮਾਂਡ ਨੇ ਐੱਸ ਆਈ ਟੀਵੱਲੋਂ ਚੱਲਦੀ ਜਾਂਚ ਪੂਰੀ ਕਰਨ ਦੀ ਸਮਾਂ ਹੱਦ ਮਿਥ ਦਿੱਤੀ ਹੈ ਤਾਂਐੱਸ ਆਈ ਟੀ ਹਾਈ ਕੋਰਟ ਦੇ ਹੁਕਮ ਮੰਨੇਗੀ ਜਾਂ ਕਾਂਗਰਸ ਹਾਈ ਕਮਾਨ ਦੇ ?ਉਨ੍ਹਾ ਕਿਹਾ ਕਿਐੱਸ ਆਈ ਟੀਕਾਨੂੰਨੀ ਤੌਰ ਉੱਤੇ ਮੁੱਖ ਮੰਤਰੀ ਨੂੰ ਵੀ ਜਵਾਬਦੇਹ ਨਹੀਂ, ਇਸ ਦੇ ਬਾਵਜੂਦ ਕਾਂਗਰਸ ਨੇ ਮੁੱਖ ਮੰਤਰੀ ਨੂੰ ਇਕ ਮਹੀਨੇ ਵਿੱਚ ਜਾਂਚ ਮੁਕੰਮਲ ਕਰਾਉਣ ਨੂੰ ਕਿਹਾ ਹੈ ਮਜੀਠੀਆ ਨੇ ਕਿਹਾ ਕਿ ਕਾਂਗਰਸ ਹਾਈ ਕਮਾਨ, ਪੰਜਾਬ ਕਾਂਗਰਸ ਤੇ ਪੰਜਾਬ ਸਰਕਾਰ ਇਹ ਮੰਨ ਕੇ ਚੱਲ ਰਹੇ ਹਨ ਕਿ ਵੱਡੇ ਬਾਦਲ ਤੇ ਸੁਖਬੀਰ ਸਿੰਘ ਬਾਦਲ ਦੀ ਗ੍ਰਿਫਤਾਰੀ ਹੀ ਉਨਾਂ ਦੀ ਭਰੋਸੇਯੋਗਤਾ ਬਹਾਲ ਕਰ ਸਕਦੀ ਹੈ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes



HUGHES & COMPANY LAW CORPORATION
www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

## #308 5419 201A ST




**$499,888**

Welcome to Vista Gardens, a well-maintained building located in a central location of langley with walking distance to Linwood Park and Downtown Langley. This top-floor unit is one of the best layouts in the building with two generous size bedrooms and two bathrooms. There is storage inside your own laundry room and two separate storage lockers, one beside the unit and one underground. One Secure parking underground and tons of parking out in front of the building. The building has a new roof, the levy has been paid for the cladding work that will happen in the next year. The strata fee includes a gas fireplace and Hot water. Call now to book your private showing.


## 14317 31A AVENUE




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

## 1426 KENT



**$1,599,000**

Welcome to White Rock! The current home is rented for $2450 on a month-to-month basis. The building plans for a 6300 sqft plus garage home are in the city ready for permits in a month. The Seller has spent over $60,000 to have the plans ready and the property ready for permits. Buy now and start building.

## 9858 HUCKLEBERRY DRIVE



Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.



Sunny Sangha
**604-356-5555**

SUNNY SANGHA
Personal Real Estate Corporation

CENTURY 21 Coastal Realty Ltd.

Ram Johal
**604-356-5555**



www.sunnysangha.com | info@sunnysangha.com

Top 1% of All Fraser Valley Realtors® 2020
based on FVREB Medallion Statistics

GRAND CENTURIAN PRODUCER



# ANKUR KAUSHAL

PERSONAL REAL ESTATE CORPORATION

**604-897-0006**

E MAIL ANKUR KAUSHAL@CENTURY21 CA

CENTURY 21 Coastal Realty Ltd.

# SAMEER KAUSHAL

PERSONAL REAL ESTATE CORPORATION, B.Sc., MBA

**604-897-9575**

E MAIL SAMKAUSHAL@GMAIL COM



## 8816-140St 1,199,900




Attention first time home buyers and investors! Central location! This home features 5 bedrooms 3 baths with a 2 bedroom mortgage helper! This 2 storey home has an unauthorized 2 bedroom suite with 3 bedrooms up with 2 baths. Situated on a 6017 Sqft Rectangular lot with lane access! The home is kept very clean and is very central to everything such as Bear Creek Park, Shopping, Schools and easy access to highways.

## 267-198St $2,349,000




West exposure rear yard, half-acre building site! Build your dream home in this beautiful area. High Point is an exclusive community developed near Campbell Valley Park in South Langley. Campbell Valley Park is located on 285 acres with 85 acres of parkland, 9 km of trails, a spring-fed lake, forest & beautiful views. Conveniently located near schools, golf & shopping with easy access to major routes and USA border. Build your dream home & enjoy the wonderful equestrian facilities. With its private equine facility, you have the best for both you and your horses or just a lovely setting to walk and enjoy.

## 13516-62A Ave $1,599,900




JUST LIKE NEW 3 level home (6 bedrooms + Den and 6 baths) (3636 sqft including garage) in popular Panorama Ridge area, walk to school, shopping and all amenities. Main floor features bright living room, designer kitchen with SS appliances, spice kitchen, family room, sundeck off the family room, a Den and a powder room. Upper floor has 4 bedrooms and 3 full baths including 2 masters with full en-suites and Jack & Jill rooms with a shared full bath. Basement has a big Media room and a powder room plus a spacious 2 bedroom legal suite with its own laundry. Big 18'6 x 22' (420 sqft) double garage. Heat pump with cool air in summer and hot in winter. Book your showing now!

## 12567-66Ave $1,499,000




WEST NEWTON BEAUTY! This grand, gorgeous 8 bedroom 6 bath home offers outstanding quality, location, class, comfort and style. The kitchen is loaded with warmth and function from the granite counter tops to the solid wood cabinets, tiled flooring and stainless appliances and bonus spice kitchen! Relax in from of the fire in the adjacent family room. The main floor has a full washroom and bedroom. Upstairs is a Master Bedroom fit for royalty leading onto the massive en-suite and walk in closet. There is also a HUGE covered sundeck to enjoy those summer sunsets! 3 other great size rooms with 2 washrooms. There is also a 2 bedroom suite with an option to make it a 3 bedroom 2 full washroom suite- great mortgage helpers! It is truly a home to be proud of and so much more.

## 19072-90Ave, Surrey




Private 19,471 sq. ft. acre paradise in the heart of Port Kells with 150' frontage in an area of estate homes. Build your dream home on this treed lot or continue to rent to tenants. Den is a 3rd bedroom. Home has hardwood floors, double windows & a 10'x12' rear deck. The 24'x22' detached double garage has 220 amp power & the lot has plenty of room for extra parking. Great value! Easy commute to anywhere. Just minutes to Highway 1, 15 or 17, Fraser Highway or Golden Ears & Port Mann Bridges. Rented to Good Tenants at $1800 plus utilities on a month-to-month basis. Possibility to build 3 Level Home.

## 4206-13495 Central Ave $764,900




The Residences, Surrey's Flagship Residence at 3 Civic Plaza Development. This 42nd floor, 1032 sq.ft. unit has 2 bedrooms and 2 baths. The property features high-end finishing. Large balcony with unobstructed views. Steps to Skytrain, Central City Mall, SFU, KPU, Civic Plaza, City Hall & Hotel, coffee shops & library, & planned LRT system. TWO PARKING stalls and locker included. This premium condo has an open concept layout with floor-to-ceiling windows, exercise center, elevator, in-suite laundry. You won't find a better location close to this many amenities. No GST. Rentals & pets are allowed. Prado Cafe and Dominion Bar & Kitchen are on site. 24-hour Concierge. Storage Locker number 3020 Level P3 Room P304 Parking Stalls number 336,338 *

## 12788 67Ave $1,649,900




YOUR SEARCH ENDS HERE! This is a beautiful 3 storey home in the Heart of West Newton with 2 suites! * (2+1) * - great mortgage helpers plus an additional recreation room in the basement that is the perfect man-cave with a 2 piece washroom. This home features high ceilings, open layout and a huge family room, and two cozy fireplaces. Main floor has a bedroom plus a den/office- Best of both worlds. Main floor also has a full washroom and spice kitchen. Huge family room and covered deck to enjoy those summer bbq's and fully fenced backyard for the kids. Upstairs has 4 great sized bedrooms and 3 full washrooms! This home has it all! Very spacious and bright with oversized windows to enjoy that natural light. Plenty of parking in the back lane with a huge detached double garage. Don't miss out

## 3909 13495 Central Ave




The Residences, Surrey's Flagship Residence at 3 Civic Plaza Development. This 39th FLOOR, 1232 sq.ft. unit has 2 bedrooms and a den. The property features 2 baths and high-end finishing. Large 102 square foot balcony with unobstructed views. Steps to Skytrain, Central City Mall, SFU, KPU, Civic Plaza, City Hall & Hotel, coffee shops & library & planned LRT system. TWO PARKING stalls and locker included. This premium condo has an open concept layout with floor-to-ceiling windows, exercise centre, elevator and in-suite laundry. You won't find a better location close to this many amenities. Prada Cafe and Dominion Bar & Kitchen are on site. No GST. Rentals are allowed.

## 10320-140St $1,449,900




Centrally located home in prime area. Walking distance to everything. The home features three bedrooms on the main floor and a one-bedroom suite in the basement. Home is located blocks from central Whalley which features shopping, restaurants, recreation, etc. Located steps from transit route and in Guildford Park Secondary and Lena Shaw Elementary catchment area. Close to Green Timbers Urban Forest with 452 acres of wetlands, a lake, meadows and nature trails.

## 10975-130ST $2,899,000




LUXURIOUS LIVING at its finest! Welcome to this MASSIVE 7890 sq.ft. Home with 10 bedrooms and 9 bathrooms with 2 mortgage helpers (3+2 each). The main floor has a grand foyer and large living and dining room along with master bedroom with ensuite plus a cheater master and a flex room. Beautiful and bright kitchen, wok kitchen and family room overlooking the beautiful mountain views off your huge deck. Upstairs has four bedrooms, four bathrooms plus a large recreation room to entertain kids and family. Lower floor has a large theatre room with surround sound speakers, bar and full washroom. This home truly has it all. Gated front driveway with breathtaking mountain and city views. True definition of luxury living. Book your private showing today!

## INDIA BAZAR GROCERY BUSINESS FOR SALE WITH PROPERTY




Listing includes units #107 & #108. Great investment property on Scott Road. Good exposure to busy traffic with plenty of parking. The property consists of 3,957 square feet. of retail space plus a small office. Lots of continual development around this area and opposite Delta side many high rise buildings coming in near future. Strata fee $805 per month for both units.

## #209-8433-132St Surrey




Multi-use offices, businesses, immigration, etc subject to City of Surrey and Strata approval. Space is 921 Square feet at present Shell unit, Tenants improvements to be done by buyer(new owner). Excellent location at the corner of 132 Street and 84Ave. Bust stop is at the corner. Great exposure and easy access to all 4 sides. You can build your office according to your needs. Included is a common lobby, visitor parking and 24/7 building security. Very demanding area of the City of Surrey. Measurements are approximate.

## 12466-99 Ave $2,749,900




Luxury Home with high end finishing featuring 9 bedrooms and 8 bathrooms situated on a 7200 Sqft Lot in Cedar Hills with soaring high ceilings throughout! The main entrance greets you with a grand open to below foyer and large living room with 12 foot ceilings. There is also a den and huge master bedroom with ensuite and walk in closet. Beautiful kitchen with bonus spice kitchen. Good sized family room and loads of windows to soak in that natural light. Upstairs features 4 master bedrooms all with their private washrooms and walk in closets. In the basement you have a huge theatre room for entertaining along with a rec room and gym. There is also 2 Basement Suites (2+2) of 2 bedrooms each- great mortgage helpers. Plenty of parking with double garage and large driveway.

## #373-8148-128St




One of the cities fastest growing and busiest areas in Surrey. This retail strata unit is at corner 128 Street & 80 Avenue in the Payal Business Centre. The subject unit is ideal for owner-occupiers and investors alike. The unit is fully improved with good retail exposure, 26' ceilings, grade loading and signage. Currently occupied by an established retailer namely: "Dhillon Fashions" a well known business name in the community.

## #116-8028-128St (Little India Plaza Surrey)




Great Location and Exposure. This retail space is on the ground floor in the heart of Surrey. Unit is located in the new Little India Plaza located at the corner of 128 Street & 80 Avenue. Open up a new business or expand your current business. The unit boasts 1087 sqft space with City approved washroom and pantry. Centrally Air Conditioned. The unit is currently occupied by the owner and has tent and party rental business. Perfect for clothing and jewelry business, computer repair shop, an office that requires ground floor space, etc.

**For units in York Centre (80 & 128 St), Please Call 604-897-9575 or 604-897-0006**

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***

# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANNERY



## ਫਿਸ਼ ਕੈਨਰੀ ਵਿਚ ਕੰਮ ਕਰਨ ਲਈ
## ਲੜਕੇ ਅਤੇ ਲੜਕੀਆਂ ਦੀ ਸਖਤ ਜ਼ਰੂਰਤ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਆ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿਚ ਚੱਲ ਰਿਹਾ ਹੈ।

* ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
* ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ
* ਕਲਾਸ 4 ਦੇ ਡਰਾਈਵਰ ਦੀ ਲੋੜ ਹੈ।
* ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ



# 604-594-0616

# ਦੀਪਕ ਸ਼ਰਮਾ ਵੈਨਕੂਵਰ ਨੇੜੇ ਟੈਕਸੀ 'ਚ ਔਰਤ ਨਾਲ ਛੇੜਖਾਨੀ ਲਈ ਦੋਸ਼ੀ ਕਰਾਰ-29 ਜੂਨ ਨੂੰ ਹੋਵੇਗੀ ਸਜ਼ਾ ਲਈ ਸੁਣਵਾਈ

ਐਬਟਸਫੋਰਡ :ਇੰਡੀਆ-ਕੈਨੇਡਾ ਐਸੋਸੀਏਸ਼ਨ ਦੇ ਆਪੂੰ ਬਣਿਆ ਪ੍ਰਧਾਨ ਅਤੇ ਐਬਟਸਫੋਰਡ ਹਿੰਦੂ ਮੰਦਰ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਹਟਾਇਆ ਗਿਆ ਦੀਪਕ ਸ਼ਰਮਾ, ਜਿਸ ਉੱਤੇ ਇੱਕ ਟੈਕਸੀ ਵਿੱਚ ਆਪਣੀ ਸਵਾਰੀ ਔਰਤ ਨਾਲ ਛੇੜਖਾਨੀ ਕਰਨ ਸਬੰਧੀ ਨਾਰਥ ਵੈਨਕੂਵਰ ਪ੍ਰੋਵਿੰਸ਼ਲ ਕੋਰਟ ਵਿੱਚ ਮੁਕੱਦਮਾ ਚੱਲ ਰਿਹਾ ਸੀ, ਨੂੰ ਅਦਾਲਤ ਨੇ ਇਸ ਮਾਮਲੇ 'ਚ ਦੋਸ਼ੀ ਕਰਾਰ ਦਿੱਤਾ ਹੈ। ਸ਼ਰਮਾ ਵਲੋਂ ਇਹ ਘਿਨਾਉਣੀ ਕਰਤੂਤ ਮੂਲ ਨਿਵਾਸੀਆਂ ਦੇ ਪਿੰਡ ਸਕੋਮਿਸ਼ ਨੇਸ਼ਨ ਲੈਂਡ 'ਤੇ 2 ਜਨਵਰੀ 2019 ਨੂੰ ਕੀਤੀ ਗਈ ਸੀ, ਜੋ ਨਾਰਥ ਵੈਨਕੂਵਰ ਨਜ਼ਦੀਕ ਮੌਜੂਦ ਹੈ। ਮਾਨਯੋਗ ਅਦਾਲਤ ਵੱਲੋਂ 29 ਜੂਨ ਨੂੰ ਦੀਪਕ ਸ਼ਰਮਾ ਲਈ ਸਜ਼ਾ ਬਾਰੇ ਸੁਣਵਾਈ ਤੈਅ ਹੋਏਗੀ। ਵਿਵਾਦਗ੍ਰਸਤ ਵਿਅਕਤੀ ਦੀਪਕ ਸ਼ਰਮਾ ਨੂੰ ਸਜ਼ਾ ਸੁਣਾਉਣ ਸਮੇਂ ਜ਼ਾਹਰ ਹੋਇਆ ਕਿ ਟੈਕਸੀ 'ਚ ਲੱਗੇ ਕੈਮਰਿਆਂ ਨੂੰ ਢਕਣ ਦੀ ਕੋਸ਼ਿਸ਼ ਦੇ ਬਾਵਜੂਦ ਇਹ ਜ਼ਬਰਦਸਤੀ ਕੈਮਰਿਆਂ 'ਚ ਕੈਦ ਹੋ ਗਈ ਸੀ। ਜੱਜ ਨੇ ਆਪਣੇ ਫੈਸਲੇ 'ਚ ਸਾਫ ਲਿਖਿਆ ਕਿ ਉਸਨੂੰ ਸ਼ਰਮਾ ਵਲੋਂ ਦਿੱਤੀਆਂ ਗਈਆਂ ਸਫਾਈਆਂ ਵਿਸ਼ਵਾਸ ਕਰਨ ਵਾਲੀਆਂ ਨਹੀਂ ਲੱਗੀਆਂ ਜਦਕਿ ਪੀੜਤਾ ਅਤੇ ਗਵਾਹਾਂ ਦੀ ਗੱਲ 'ਚ ਦਮ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ



'ਚ ਪੈਂਦੇ ਦੋਰਾਹਾ ਸ਼ਹਿਰ ਨਾਲ ਸਬੰਧਤ ਦੀਪਕ ਸ਼ਰਮਾ ਉੱਪਰ ਛੇੜ-ਛਾੜ ਦੇ ਦੋਸ਼ ਲੱਗਣ ਮਗਰੋਂ ਫਰੇਜ਼ਰ ਵੈਲੀ ਹਿੰਦੂ ਕਲਚਰਲ ਸੁਸਾਇਟੀ ਵੱਲੋਂ ਕੀਤੀ ਗਈ ਹੰਗਾਮੀ ਮੀਟਿੰਗ ਵਿੱਚ, ਦੀਪਕ ਸ਼ਰਮਾ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦੇਣ ਮਗਰੋਂ ਲਾਂਭੇ ਕਰ ਦਿੱਤਾ ਗਿਆ ਸੀ। ਇਸ ਦੌਰਾਨ ਸ਼ਰਮਾ ਦਾ ਵੈਸਟ ਵੈਨਕੂਵਰ 'ਚ ਟੈਕਸੀ ਪਰਮਿਟ ਵੀ, ਜਿਸਮਾਨੀ ਛੇੜਛਾੜ ਦੇ ਚਾਰਜ ਲੱਗਣ ਮਗਰੋਂ ਵਾਪਸ ਲੈ ਲਿਆ ਗਿਆ ਸੀ। ਇੰਡੀਅਨ ਏਜੰਸੀਆਂ ਅਤੇ ਭਾਰਤੀ ਕੌਂਸਲਖਾਨੇ ਦੇ ਅਧਿਕਾਰੀਆਂ ਦੇ ਨਜ਼ਦੀਕੀ ਰਹੇ ਦੀਪਕ ਸ਼ਰਮਾ ਖਿਲਾਫ ਛੇੜ-ਛਾੜ ਦੀ ਹਰਕਤ ਦੀ ਸ਼ਿਕਾਇਤ 2 ਜਨਵਰੀ 2019 ਨੂੰ ਦਰਜ ਕਰਵਾਈ ਗਈ ਅਤੇ ਉਸ ਨੂੰ 17 ਜਨਵਰੀ ਨੂੰ ਗ੍ਰਿਫਤਾਰ ਕਰਕੇ ਪੁਲਿਸ ਵੱਲੋਂ ਚਾਰਜ ਕੀਤਾ ਗਿਆ, ਪ੍ਰੰਤੂ ਉਸ ਨੇ 10 ਫਰਵਰੀ ਨੂੰ ਆਪਣੀ ਸੰਸਥਾ ਇੰਡੀਆ- ਕੈਨੇਡਾ ਐਸੋਸੀਏਸ਼ਨ ਵੱਲੋਂ ਲੈਂਗਲੀ ਬੈਂਕੁਟ ਹਾਲ 'ਚ ਭਾਰਤ ਦਾ ਗਣਤੰਤਰਤਾ ਦਿਵਸ ਪ੍ਰੋਗਰਾਮ ਕੀਤਾ, ਜਿਸ ਵਿੱਚ ਵੈਨਕੂਵਰ ਸਥਿਤ ਭਾਰਤੀ ਸਫਾਰਤਖਾਨੇ ਤੋਂ ਕੌਂਸਲ ਜਨਰਲ ਐਬਸਫੋਰਡ ਦੇ ਵਿਧਾਇਕ, ਮੇਅਰ, ਪੁਲਿਸ ਮੁਖੀ ਅਤੇ ਹੋਰ ਅਹਿਮ ਵਿਅਕਤੀ ਉਸ ਦੇ ਸੱਦੇ 'ਤੇ ਜਸ਼ਨਾਂ ਵਿੱਚ ਸ਼ਾਮਲ ਹੋਏ ਸਨ। ਇੱਕ ਔਰਤ ਨਾਲ ਜਿਸਮਾਨੀ ਛੇੜ-ਛਾੜ ਦੇ ਦੋਸ਼ਾਂ ਅਧੀਨ ਗ੍ਰਿਫਤਾਰ ਕੀਤੇ ਗਏ ਵਿਅਕਤੀ ਨਾਲ, ਚਾਰਜ ਲੱਗਣ ਤੋਂ ਮਗਰੋਂ ਵੀ ਇਨ੍ਹਾਂ ਨੇਤਾਵਾਂ ਦੀਆਂ ਤਸਵੀਰਾਂ ਸਾਹਮਣੇ ਆਉਣੀਆਂ, ਤਿੱਖੇ ਵਿਵਾਦਾਂ ਦੇ ਘੇਰੇ ਵਿੱਚ ਰਹੀਆਂ ਸਨ। ਔਰਤ ਨਾਲ ਛੇੜਖਾਨੀ ਲਈ ਦੋਸ਼ੀ ਕਰਾਰ ਦਿੱਤੇ ਗਏ ਦੀਪਕ ਸ਼ਰਮਾ ਦੇ ਕਈ ਭਾਰਤੀ ਮੰਤਰੀਆਂ ਅਤੇ ਦਿੱਲੀ ਸਥਿਤ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨਾਲ ਨੇੜਲੇ ਸਬੰਧ ਦੱਸੇ ਜਾਂਦੇ ਹਨ, ਜਿਸ ਕਾਰਨ ਉਸ 'ਤੇ ਭਾਜਪਾ ਅਤੇ ਆਰ। ਐੱਸ। ਐੱਸ। ਖਿਲਾਫ ਬੋਲਣ ਵਾਲੇ ਕੈਨੇਡਾ ਰਹਿੰਦੇ ਵਿਅਕਤੀਆਂ ਦੇ ਵੀਜ਼ੇ ਰੁਕਵਾਉਣ ਦੇ ਦੋਸ਼ ਵੀ ਲਗਦੇ ਰਹੇ ਹਨ। ਸ਼ਰਮਾ ਨੂੰ ਜਿਸਮਾਨੀ ਛੇੜਛਾੜ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਉਸ ਦੇ ਹਮਾਇਤੀ ਫਾਸ਼ੀਵਾਦੀ ਖੇਮੇ ਵਿਚ ਨਿਰਾਸ਼ਾ ਦਾ ਆਲਮ ਬਣਿਆ ਹੈ



# ਪ੍ਰਧਾਨ ਮੰਤਰੀ ਮੋਦੀ ਵਲੋਂ ਕਸ਼ਮੀਰ ਮਸਲੇ ਦੇ ਹੱਲ ਲਈ ਆਗੂਆਂ ਨਾਲ ਅਹਿਮ ਮੀਟਿੰਗ

## ਕਸ਼ਮੀਰ ਵਿਚ ਚੋਣਾਂ ਕਰਵਾਈਆਂ ਜਾਣਗੀਆਂ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੰਮੂ ਕਸ਼ਮੀਰ ਦੇ ਭਵਿੱਖ ਦੀ ਰਣਨੀਤੀ ਦਾ ਖਾਕਾ ਤਿਆਰ ਕਰਨ ਲਈ ਵੀਰਵਾਰ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਦੇ 14 ਆਗੂਆਂ ਨਾਲ ਅਹਿਮ ਬੈਠਕ ਕੀਤੀ। ਇਹ ਮੀਟਿੰਗ ਰਾਜਧਾਨੀ ਦੇ 7, ਲੋਕ ਕਲਿਆਣ ਮਾਰਗ 'ਤੇ ਸਥਿਤ ਪ੍ਰਧਾਨ ਮੰਤਰੀ ਨਿਵਾਸ 'ਤੇ ਹੋਈ। ਸੂਤਰਾਂ ਅਨੁਸਾਰ ਪ੍ਰਧਾਨ ਮੰਤਰੀ ਨੇ 10 ਮਿੰਟ ਮੀਟਿੰਗ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ,"ਅਸੀਂ ਦਿੱਲੀ ਅਤੇ ਦਿਲ ਦੀਆਂ ਦੂਜੀਆਂ ਮਿਟਾਉਣਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਕਸ਼ਮੀਰ ਵਿੱਚ ਚੋਣਾਂ ਕਰਾਈਆਂ ਜਾਣਗੀਆਂ। ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਸਾਨੂੰ ਸਾਰਿਆਂ ਨੂੰ ਜੰਮੂ ਕਸ਼ਮੀਰ ਦੇ ਨੌਜਵਾਨਾਂ ਦੀ ਸੁਰੱਖਿਆ ਦਾ ਖਿਆਲ ਰੱਖਣਾ ਹੋਵੇਗਾ। " ਡਿਲਿਮੀਟੇਸ਼ਨ ਬਾਅਦ ਜੰਮੂ ਕਸ਼ਮੀਰ ਵਿੱਚ ਚੋਣਾਂ ਹੋਣਗੀਆਂ। ਮੀਟਿੰਗ ਵਿੱਚ ਨੈਸ਼ਨਲ ਕਾਨਫਰੰਸ ਪ੍ਰਮੁੱਖ ਫਾਰੂਕ ਅਬਦੁੱਲਾ ਤੇ ਪੀਪਲਜ਼ ਡੈਮੋਕ੍ਰੈਟਿਕ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫ਼ਤੀ ਨੇ ਧਾਰਾ 370 ਦਾ ਮੁੱਦਾ ਚੁੱਕਿਆ। ਪੀਪਲਜ਼ ਕਾਨਫਰ ੈਸ ਆਗੂ ਅਤੇ ਸਾਬਕਾ ਉਪ ਮੁੱਖ ਮੰਤਰੀ ਮੁਜ਼ੱਫਰ ਬੇਗ ਨੇ ਮੁਫ਼ਤੀ ਨੂੰ ਇਸ ਦੌਰਾਨ ਟੋਕਿਆ ਵੀ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਹਦਬੰਦੀ ਦੀ ਪ੍ਰਕਿਰਿਆ ਸਮਾਪਤ ਹੋਣ ਬਾਅਦ ਵਿਧਾਨ ਸਭਾ ਚੋਣਾਂ ਕਰਵਾਈਆਂ ਜਾਣਗੀਆਂ। ਇਹ ਮੀਟਿੰਗ ਸਾਢੇ ਤਿੰਨ ਘੰਟੇ ਚੱਲੀ। ਇਸ ਦੌਰਾਨ ਲਗਪਗ ਸਾਰੇ ਆਗੂਆਂ ਨੇ ਜੰਮੂ ਕਸ਼ਮੀਰ ਦੇ ਪੂਰਨ ਰਾਜ ਦੇ ਦਰਜੇ ਦੀ ਬਹਾਲੀ ਦੀ ਮੰਗ ਕੀਤੀ।






# ਗੁਆਂਢੀਆਂ ਤੋਂ ਦੁੱਖੀ ਔਰਤ ਨੇ ਸੱਤ ਸਾਲਾ ਬੇਟੇ ਨਾਲ 12ਵੀਂ ਮੰਜ਼ਲ ਤੋਂ ਛਾਲ ਮਾਰੀ

ਮੁੰਬਈ-ਇਸ ਮਹਾਨਗਰ ਦੇ ਅੰਧੇਰੀ ਇਲਾਕੇ ਵਿੱਚ ਇੱਕ ਮਹਿਲਾ ਨੇ ਆਪਣੇ ਸੱਤ ਸਾਲਾ ਬੇਟੇ ਨਾਲ ਬਿਲਡਿੰਗ ਦੀ 12ਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ। ਮਿਲੀ ਜਾਣਕਾਰੀ ਅਨੁਸਾਰ 44 ਸਾਲਾ ਰੇਸ਼ਮਾ ਨੇ ਗੁਆਂਢੀਆਂ ਉੱਤੇ ਉਸ ਦੇ ਬੇਟੇ ਦੇ ਰੌਲਾ ਪਾਉਣ ਦੀ ਸ਼ਿਕਾਇਤ ਕਰ ਕੇ ਉਸ ਨੂੰ ਪਰੇਸ਼ਾਨ ਕਰਨ ਦਾ ਦੋਸ਼ ਲਾਇਆ ਹੈ। ਪੁਲਸ ਮੁਤਾਬਕ ਸੁਸਾਈਡ ਨੋਟ ਦੇ ਅਧਾਰ ਉੱਤੇ ਕੇਸ ਦਰਜ ਕਰ ਲਿਆ ਅਤੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਵਰਨਣ ਯੋਗ ਹੈਕਿ ਪਿੱਛੇ ਜਿਹੇ ਕੋਰੋਨਾ ਵਾਇਰਸ ਕਾਰਨ ਰੇਸ਼ਮਾ ਦੇ ਪਤੀ ਦੀ ਮੌਤ ਹੋ ਗਈ ਸੀ। ਉਹ ਆਪਣੇ ਸੱਤ ਸਾਲਾ ਬੇਟੇ ਨਾਲ ਚਾਂਦੀਵਲੀ ਦੇ ਫਲੈਟ ਵਿੱਚ ਇਕੱਲੀ ਰਹਿੰਦੀ ਸੀ। ਉਹ ਅਪ੍ਰੈਲ ਵਿੱਚ ਇੱਥੇ ਆਈ ਸੀ ਅਤੇ ਉਦੋਂ ਤੋਂ ਉਸ ਦਾ ਗੁਆਂਢੀਆਂ ਨਾਲ ਵਿਵਾਦ ਸੀ। ਗੁਆਂਢੀ ਹਮੇਸ਼ਾਂ ਉਸ ਦੇ ਬੇਟੇ ਵੱਲੋਂ ਰੌਲਾ ਪਾਉਣ ਦੀ ਸ਼ਿਕਾਇਤ ਕਰਦੇ ਸਨ। ਗੁਆਂਢੀਆਂ ਵਿੱਚ ਆਯੂਬ ਖਾਨ (67), ਉਸ ਦੀ 60 ਸਾਲਾ ਪਤਨੀ ਅਤੇ ਪੁੱਤਰ ਸਾਹਦਾਬ ਸ਼ਾਮਲ ਹਨ ਰਿਸ਼ਮਾ ਪੱਤਰਕਾਰ ਸੀ। ਉਸ ਦਾ ਕਹਿਣਾ ਸੀ ਕਿ ਉਸ ਦੇ ਬੇਟੇ ਦੇ ਖੇਡਣ ਉੱਤੇਵੀ ਗੁਆਂਢੀਆਂ ਨੂੰ ਇਤਰਾਜ਼ ਸੀ। ਉਸ ਨੇ 30 ਮਈ ਨੂੰ ਇਸ ਫੇਸਬੁੱਕ ਪੋਸਟ ਵਿੱਚ ਇਸ ਦਾ ਜ਼ਿਕਰ ਕੀਤਾ ਸੀ। ਰੇਸ਼ਮਾ ਦੇ ਪਤੀ ਸ਼ਰਦ ਇੱਕ ਆਨਲਾਈਨ ਟ੍ਰੇਡਿੰਗ ਕੰਪਨੀ ਵਿੱਚ ਕੰਮ ਕਰਦੇ ਸਨ। ਉਨ੍ਹਾਂ ਦੇ ਮਾਤਾ-ਪਿਤਾ ਵਾਰਾਣਸੀ ਵਿੱਚ ਰਹਿੰਦੇ ਸੀ ਪਰ ਕੋਰੋਨਾ ਕਾਰਨ ਉਨ੍ਹਾਂ ਦਾ ਵੀ ਦੇਹਾਂਤ ਹੋ ਗਿਆ। ਪਤੀ ਦੀ ਮੌਤ ਤੋਂ ਬਾਅਦ ਰੇਸ਼ਮਾ ਕਾਫੀ ਪਰੇਸ਼ਾਨ ਸੀ।

# ਕੋਟਕਪੂਰਾ ਗੋਲੀ ਕਾਂਡ ਵਿਚ ਸਿਟ ਵੱਲੋਂ ਸੁਖਬੀਰ ਬਾਦਲ ਤਲਬ

ਫ਼ਰੀਦਕੋਟ-ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ 26 ਜੂਨ ਲਈ ਤਲਬ ਕੀਤਾ ਹੈ। ਉਨ੍ਹਾਂ ਨੂੰ ਚੰਡੀਗੜ੍ਹ ਦੇ ਸੈਕਟਰ 32 ਸਥਿਤ ਮਿੰਨੀ ਪੁਲੀਸ ਕੇਂਦਰ ਵਿੱਚ ਸਵੇਰੇ 11 ਵਜੇ ਟੀਮ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਸ ਤੋਂ ਪਹਿਲਾਂ ਸਿਟ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਇਸ ਗੋਲੀਕਾਂਡ ਬਾਰੇ ਪੁੱਛ-ਪੜਤਾਲ ਕਰ ਚੁੱਕੀ ਹੈ। 14 ਅਕਤੂਬਰ 2015 ਨੂੰ ਵਾਪਰੇ ਕੋਟਕਪੂਰਾ ਗੋਲੀ ਕਾਂਡ ਸਮੇਂ ਸੁਖਬੀਰ ਸਿੰਘ ਬਾਦਲ ਸੂਬੇ ਦੇ ਗ੍ਰਹਿ ਮੰਤਰੀ ਸਨ। ਕੋਟਕਪੂਰਾ ਗੋਲੀਕਾਂਡ ਵਾਪਰਨ ਤੋਂ ਇੱਕ ਘੰਟਾ ਪਹਿਲਾਂ ਫ਼ਰੀਦਕੋਟ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੁੱਖ ਮੰਤਰੀ ਦਫ਼ਤਰ ਵਿੱਚ 157 ਵਾਰ ਫੋਨ ਰਾਹੀਂ ਗੱਲ ਹੋਈ ਸੀ। ਸੂਤਰਾਂ ਅਨੁਸਾਰ ਇਨ੍ਹਾਂ ਵਿਚੋਂ ਕੁਝ ਫੋਨ ਸੁਖਬੀਰ ਸਿੰਘ ਬਾਦਲ ਨੂੰ ਵੀ ਕੀਤੇ ਗਏ ਸਨ। ਇਸ ਗੱਲਬਾਤ ਤੋਂ ਕੁਝ ਸਮਾਂ ਬਾਅਦ ਹੀ ਕੋਟਕਪੂਰਾ ਗੋਲੀਕਾਂਡ ਵਾਪਰ ਗਿਆ ਸੀ। ਜਾਂਚ ਟੀਮ ਸਪੱਸ਼ਟ ਕਰਨਾ ਚਾਹੁੰਦੀ ਹੈ ਕਿ ਜਦੋਂ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਫਰੀਦਕੋਟ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਸੀ ਕਿ ਧਰਨੇ 'ਤੇ ਬੈਠੇ ਅੰਦੋਲਨਕਾਰੀਆਂ ਨੂੰ ਸ਼ਾਂਤੀ ਨਾਲ ਉਠਾਇਆ ਜਾਵੇ ਤਾਂ ਫਿਰ ਸਿੱਖ ਸੰਗਤਾਂ ਉੱਪਰ ਗੋਲੀ ਕਿਸ ਦੇ ਹੁਕਮਾਂ ਨਾਲ ਚਲਾਈ ਗਈ? ਵਿਸ਼ੇਸ਼ ਜਾਂਚ ਟੀਮ ਇਸ ਤੋਂ ਪਹਿਲਾਂ ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ, ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਫਰੀਦਕੋਟ ਦੇ ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ ਸਮੇਤ ਇੱਕ ਦਰਜਨ ਉੱਚ ਪੁਲੀਸ ਅਧਿਕਾਰੀਆਂ ਤੋਂ ਪੁੱਛ-ਪੜਤਾਲ ਕਰ ਚੁੱਕੀ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਪੁੱਛ-ਪੜਤਾਲ ਹੋਣ ਮਗਰੋਂ ਸਪੱਸ਼ਟ ਹੈ ਕਿ ਸੁਮੇਧ ਸੈਣੀ ਅਤੇ ਪਰਮਰਾਜ ਸਿੰਘ ਉਮਰਾਨੰਗਲ ਦੀ ਕੋਟਕਪੂਰਾ ਗੋਲ਼ੀਕਾਂਡ ਵਿੱਚ ਵੱਡੀ ਭੂਮਿਕਾ ਸੀ। ਹੁਣ ਜਾਂਚ ਟੀਮ ਇਸ ਮਾਮਲੇ ਵਿੱਚ ਜਾਣਨਾ ਚਾਹੁੰਦੀ ਹੈ ਕਿ ਕੋਟਕਪੂਰਾ ਗੋਲੀਕਾਂਡ ਲਈ ਗ੍ਰਹਿ ਵਿਭਾਗ ਨੇ ਕਿਸੇ ਤਰ੍ਹਾਂ ਦਾ ਆਦੇਸ਼ ਜਾਰੀ ਕੀਤਾ ਸੀ ਕਿ ਨਹੀਂ ਅਤੇ ਪਰਮਰਾਜ ਸਿੰਘ ਉਮਰਾਨੰਗਲ ਕੋਟਕਪੂਰਾ ਕਿਵੇਂ ਪਹੁੰਚ ਗਏ, ਜਦੋਂ ਕਿ ਰਿਕਾਰਡ ਮੁਤਾਬਕ ਉਨ੍ਹਾਂ ਨੂੰ ਕਿਸੇ ਨੇ ਕੋਟਕਪੂਰਾ ਭੇਜਿਆ ਹੀ ਨਹੀਂ।



# ਪਾਣੀ ਬਾਰੇ ਝਗੜੇ ਕਾਰਨ ਏ.ਐਸ.ਆਈ. ਵੱਲੋਂ ਚਾਕੂ ਮਾਰ ਕੇ ਭਾਬੀ ਦਾ ਕਤਲ

ਚੰਡੀਗੜ੍ਹ-ਰਾਮ ਦਰਬਾਰ ਵਿੱਚ ਪੰਜਾਬ ਪੁਲਸ ਦੇ ਇੱਕ ਏ ਐਸ ਆਈ ਨੇ ਆਪਣੇ ਭਰਾ ਨਾਲ ਪਾਣੀ ਦੇ ਝਗੜੇ ਦੌਰਾਨ ਆਪਣੀ ਭਾਬੀ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਅਤੇ ਭਰਾ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਗ੍ਰਿਫ਼ਤਾਰ ਦੋਸ਼ੀ ਦੀ ਪਛਾਣ ਹਰ ਸਵਰੂਪ ਵਜੋਂ ਅਤੇ ਉਸਦੀ ਭਾਬੀ ਦੀ ਪਛਾਣ ਦਿਵਿਆ ਵਜੋਂ ਹੋਈ ਹੈ, ਜੋ 37 ਸਾਲ ਦੀ ਸੀ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਝਗੜਾ ਰਾਤ 12 ਵਜੇ ਦੇ ਕਰੀਬ ਦਾ ਹੈ, ਜਦ ਇੱਕੋ ਘਰ ਵਿੱਚ ਰਹਿੰਦੇ ਹਰ ਸਵਰੂਪ ਦਾ ਆਪਣੇ ਭਰਾ ਪ੍ਰੇਮ ਸਾਗਰ ਨਾਲ ਪਾਣੀ ਦੀ ਸਪਲਾਈ ਤੋਂ ਝਗੜਾ ਹੋ ਗਿਆ। ਫਿਰ ਝਗੜਾ ਐਨਾ ਵੱਧ ਗਿਆ ਕਿ ਹਰ ਸਵਰੂਪ ਨੇ ਗੁੱਸੇ ਵਿੱਚ ਆ ਕੇ ਆਪਣੀ ਭਾਬੀ ਉੱਤੇ ਚਾਕੂ ਨਾਲ ਵਾਰ ਕੀਤਾ ਅਤੇ ਭਰਾ ਉੱਤੇ 4-5 ਵਾਰ ਕੀਤੇ ਅਤੇ ਦੋਵਾਂ ਨੂੰ ਜ਼ਖ਼ਮੀ ਕਰ ਦਿੱਤਾ। ਨੇੜੇ ਰਹਿੰਦੇ ਲੋਕਾਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਤੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਤਾਂ ਡਾਕਟਰਾਂ ਨੇ ਦਿਵਿਆ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪ੍ਰੇਮ ਦੀ ਹਾਲਤ ਗੰਭੀਰ ਬਣੀ ਹੋਈ ਹੈ। ਮੌਕੇ ਉੱਤੇ ਪਹੁੰਚੀ ਪੁਲਸ ਨੇ ਹਰ ਸਵਰੂਪ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਵਾਰਦਾਤ ਲਈ ਵਰਤਿਆ ਚਾਕੂ ਵੀ ਬਰਾਮਦ ਕਰ ਲਿਆ ਹੈ।

TSM GALLERY

High quality artwork for your home or business, religious or public places.
We specialize in all kind of wallpaper installation.

Mehndi(henna), Jagua, Airbrush Body Art, Temporary Tattoo.
Learn in your spare time,
Earn extra income gain friends
Training available.

Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca



ROHITA PANNU LAW CORPORATION




BARRISTER & SOLICITOR SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

Ph: 604.589.1399
2 Locations to Serve You
Fax : 604.589.1556
www.rohitapannulaw.com
# 102-9278, 120th St., Surrey, BC V3V 4W8
6303 Fraser St., Vancouver BC




# ਖਾਸ਼ੋਗੀ ਦੇ ਕਾਤਲ ਏਜੰਟਾਂ ਨੇ ਅਮਰੀਕਾ 'ਚ ਲਈ ਸੀ ਟਰੇਨਿੰਗ

ਵਾਸ਼ਿੰਗਟਨ-ਵਾਸ਼ਿੰਗਟਨ ਪੋਸਟ ਦੇ ਪੱਤਰਕਾਰ ਜਮਾਲ ਖਸ਼ੋਗੀ ਨੂੰ ਤੁਰਕੀ ਵਿੱਚ ਕਤਲਕਰਨ ਵਾਲੇ ਸ਼ਾਮਲ ਸਾਊਦੀ ਅਰਬ ਦੇ ਚਾਰ ਏਜੰਟਾਂ ਦੀ ਨੀਮ ਫੌਜੀ ਟਰੇਨਿੰਗ ਅਮਰੀਕਾ ਵਿੱਚ ਹੋਈ ਸੀ ਅਤੇਏਦਾਂ ਦੀ ਟਰੇਨਿੰਗ ਅਮਰੀਕੀ ਵਿਦੇਸ਼ ਮੰਤਰਾਲੇ ਦੀ ਮਨਜ਼ੂਰੀ ਨਾਲ ਅਰਕਾਂਸਾਸ ਸੂਬੇ ਵਿੱਚ ਸੁਰੱਖਿਆ ਕੰਪਨੀ ਟੀਅਰ 1 ਗਰੁੱਪ ਨੇ ਕਰਾਈ ਸੀ। ਇਸ ਕੰਪਨੀ ਦੀ ਮਾਲਕੀ ਨਿੱਜੀ ਇਕੁਇਟੀ ਫਰਮ ਸਰਬਰਸ ਕੈਪੀਟਲ ਮੈਨੇਜਮੈਂਟ ਦੇ ਹੱਥਹੈ। ਕੰਪਨੀ ਦਾ ਕਹਿਣਾ ਹੈ ਕਿ ਚਾਰਾਂ ਦੀ ਟਰੇਨਿੰਗ ਸਾਊਦੀ ਅਰਬ ਦੀ ਸੁਰੱਖਿਆ ਦੇ ਸਬੰਧ ਵਿੱਚ ਸੀ। ਇਸ ਟਰੇਨਿੰਗ ਵਿੱਚ ਸੁਰੱਖਿਅਤ ਨਿਸ਼ਾਨੇਬਾਜ਼ੀ, ਹਮਲੇ ਤੋਂ ਬਚਾਅ ਅਤੇ ਹਮਲਾ ਕਰਨਾ ਸ਼ਾਮਲ ਸੀ। ਟਰੇਨਿੰਗਨਾਲ ਜੁੜੇ ਇੱਕ ਵਿਅਕਤੀ ਦਾ ਕਹਿਣਾ ਹੈ ਕਿ ਇਨ੍ਹਾਂ ਚਾਰਾਂ ਨੂੰ ਸਰਵਿਲਾਂਸ ਦੇ ਨਾਲ ਨੇੜੇ ਤੋਂ ਲੜਾਈ ਕਰਨ ਦੇ ਪੈਂਤੜੇ ਵੀ ਸਿਖਾਏ ਗਏ ਸਨ। ਇਸ ਦੇ ਕੋਈ ਸਬੂਤ ਨਹੀਂ ਹਨ ਕਿ ਮਨਜ਼ੂਰੀ ਦੇਣ ਵਾਲੇ ਅਮਰੀਕੀ ਅਧਿਕਾਰੀਆਂ ਤੇ ਟਰੇਨਿੰਗਦੇਣ ਵਾਲੀ ਟੀਅਰ 1 ਕੰਪਨੀ ਨੂੰ ਇਨ੍ਹਾਂ ਚਾਰਾਂ ਨੂੰ ਟਰੇਨਿੰਗਦੇਣ ਦੇ ਅਸਲੀ ਮਕਸਦ ਦਾ ਪਤਾ ਸੀ ਜਾਂ ਨਹੀਂ, ਪਰ ਇਹ ਸਹੀ ਹੈ ਕਿ ਉਨ੍ਹਾਂ ਨੂੰ ਫੌਜੀ ਟਰੇਨਿੰਗਦੀ ਮਨਜ਼ੂਰੀ ਮਿਲੀ ਸੀ, ਜਿਨ੍ਹਾਂ ਇੱਕ ਪੱਤਰਕਾਰ ਦਾ ਕਤਲ ਕੀਤਾ ਸੀ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਅਮਰੀਕਾ ਸਾਊਦੀ ਅਰਬ ਵਰਗੇ ਦੇਸ਼ ਨਾਲ ਕਿੰਨਾ ਨੇੜੇ ਤੋਂ ਜੁੜਿਆ ਹੋਇਆ ਹੈ। ਰਿਪੋਰਟ ਮੁਤਾਬਕ ਇਸ ਟਰੇਨਿੰਗ ਦੀ ਪੁਸ਼ਟੀ ਟੀਅਰ 1 ਦੀ ਮਲਕੀਅਤ ਵਾਲੀ ਸਰਬਰਸ ਕੰਪਨੀ ਦੇ ਸੀਨੀਅਰ ਐਗਜ਼ੀਕਿਊਟਿਵ ਲੂਈ ਬ੍ਰੇਮਰ ਨੇ ਪਹਿਲਾਂ ਹੀ ਕੀਤੀ ਸੀ। ਸਾਊਦੀ ਅਰਬ ਦੇ ਇਨ੍ਹਾਂ ਚਾਰਾਂ ਬੰਦਿਆਂ ਨੂੰ ਟਰੇਨਿੰਗਦੇਣ ਦੀ ਮਨਜ਼ੂਰੀ ?ਬਾਮਾ ਪ੍ਰਸ਼ਾਸਨ ਦੇ ਰਾਜ ਵਿੱਚ 2014 ਵਿੱਚ ਦਿੱਤੀ ਗਈ। ਡੋਨਾਲਡ ਟਰੰਪ ਦੇ ਆਉਣ ਪਿੱਛੋਂ ਲਗਭਗ ਇੱਕ ਸਾਲ ਹੋਰ ਇਨ੍ਹਾਂ ਚਾਰਾਂ ਦੀ ਟਰੇਨਿੰਗਚੱਲਦੀ ਰਹੀ ਸੀ। ਵਿਦੇਸ਼ ਵਿਭਾਗ ਨੇ ਹੱਤਿਆ ਵਿੱਚ ਸ਼ਾਮਲ ਸਾਊਦੀ ਦੇ ਏਜੰਟਾਂ ਦੀ ਟਰੇਨਿੰਗਦੀ ਪੁਸ਼ਟੀ ਕਰਨ ਤੋਂ ਨਾਂਹ ਕੀਤੀ ਹੈ। ਸਾਊਦੀ ਅਰਬ ਵਿੱਚ ਵਾਸ਼ਿੰਗਟਨ ਪੋਸਟ ਦੇ ਪੱਤਰਕਾਰ ਜਮਾਲ ਖਸ਼ੋਗੀ ਦੀ ਹੱਤਿਆ 2018 ਵਿੱਚ ਇਸਤਾਂਬੁਲ (ਤੁਰਕੀ) ਸਥਿਤ ਸਾਊਦੀ ਦੇ ਦੂਤਘਰ ਵਿੱਚ ਕੀਤੀ ਗਈ ਸੀ।


## ਨਵ ਵਿਆਹੀ ਮੁਟਿਆਰ ਨੇ ਪ੍ਰੇਮੀ ਨਾਲ ਕੁਦਕੁਸ਼ੀ ਕੀਤੀ

ਲੰਬੀ-ਮੰਡੀ ਕਿੱਲਿਆਂਵਾਲੀ ਵਿੱਚ ਅੱਜ ਵਾਟਰ ਵਰਕਸ ਦੀ ਡਿੱਗੀ ਵਿਚੋਂ 9 ਦਿਨ ਪਹਿਲਾਂ ਵਿਆਹੀ ਲੜਕੀ ਅਤੇ ਉਸ ਦੇ ਕਥਿਤ ਪ੍ਰੇਮੀ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ। ਲੜਕੀ ਦੀ ਪਛਾਣ 19 ਸਾਲਾ ਅਨੂ ਅਤੇ ਲੜਕੇ ਦੀ ਪਛਾਣ 23 ਸਾਲਾ ਸੰਜੇ ਵਾਸੀ ਮੰਡੀ ਕਿੱਲਿਆਂਵਾਲੀ ਵਜੋਂ ਹੋਈ। ਪੁਲੀਸ ਨੇ ਲਾਸ਼ਾਂ ਬਰਾਮਦ ਕਰਕੇ ਪੋਸਟਮਾਰਟਮ ਲਈ ਭੇਜ ਦਿੱਤੀਆਂ। ਅਨੂੰ ਕੱਲ ਸਵੇਰੇ ਤੋਂ ਲਾਪਤਾ ਸੀ। ਡਿੱਗੀਆਂ ਨੇ ਨੇੜਿਓਂ ਪੁਲੀਸ ਨੂੰ ਅਨੂੰ ਵੱਲੋਂ ਵਿਆਹ ਦੇ ਸ਼ਗਨਾਂ ਵਾਲਾ ਭੰਨ੍ਹਿਆ ਚੂੜਾ ਵੀ ਮਿਲਿਆ। ਮੰਡੀ ਕਿੱਲਿਆਂਵਾਲੀ ਵਾਸੀ ਰਾਜਿੰਦਰ ਕੁਮਾਰ ਦੀ ਪੁੱਤਰੀ ਅਨੂੰ ਦਾ ਵਿਆਹ 16 ਜੂਨ ਨੂੰ ਹਨੂੰਮਾਨਗੜ੍ਹ ਵਿਖੇ ਹੋਇਆ ਸੀ। ਅਨੂ ਪੰਜ ਦਿਨ ਪਹਿਲਾਂ ਪਤੀ ਨਾਲ ਪੇਕੇ ਆਈ ਸੀ। ਸਬ ਇੰਸਪੈਕਟਰ ਤੇਜਿੰਦਰ ਸਿੰਘ ਮੁਤਾਬਕ ਅਨੂ ਨੇ ਸਹੁਰੇ ਜਾਣਾ ਸੀ। ਕੱਲ੍ਹ ਸਵੇਰੇ ਸੱਤ-ਅੱਠ ਵਜੇ ਉਹ ਬਾਜ਼ਾਰੋਂ ਸਾਮਾਨ ਲਿਆਉਣ ਬਾਰੇ ਆਖ ਕੇ ਘਰੋਂ ਗਈ ਸੀ। ਦੇਰ ਰਾਤ ਤੱਕ ਵਾਪਸ ਨਹੀਂ ਆਈ ਤਾਂ ਮਾਪਿਆਂ ਨੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ। ਸਵੇਰੇ ਉਸ ਦੀ ਲਾਸ਼ ਅਣਪਛਾਤੇ ਵਿਅਕਤੀ ਨਾਲ ਡਿੱਗੀ ਵਿੱਚ ਤੈਰਦੀ ਹੋਈ ਮਿਲੀ। ਪੜਤਾਲ 'ਚ ਨੌਜਵਾਨ ਸੰਜੈ ਦਸਮੇਸ਼ ਨਗਰ ਵਾਸੀ ਕੁਮੇਦ ਬਾਬੂ ਦਾ ਲੜਕਾ ਸੀ ਅਤੇ ਅਜੇ ਤੱਕ ਕੁਆਰਾ ਸੀ। ਪਤਾ ਲੱਗਿਆ ਹੈ ਕਿ ਅਨੂ ਅਤੇ ਸੰਜੈ ਵਿਚਕਾਰ ਕਾਫ਼ੀ ਸਮੇਂ ਤੋਂ ਕਥਿਤ ਪ੍ਰੇਮ ਸਬੰਧ ਸਨ। ਵਿਆਹ ਤੋਂ ਅਨੂ ਖੁਸ਼ ਨਹੀਂ ਸੀ। ਹਾਲਾਂਕਿ ਪਰਿਵਾਰ ਨੇ ਅਨੂ ਨੇ ਪ੍ਰੇਮ ਸਬੰਧਾਂ ਬਾਰੇ ਜਾਣਕਾਰੀ ਤੋਂ ਇਨਕਾਰ ਕੀਤਾ ਹੈ।

# ਮੈਂ ਕਿਸੇ ਵੀ ਪਾਰਟੀ 'ਚ ਨਹੀਂ ਸ਼ਾਮਿਲ ਹੋ ਰਿਹਾ-ਬਲਬੀਰ ਸਿੰਘ ਰਾਜੇਵਾਲ

ਚੰਡੀਗੜ੍ਹ-ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦੀ ਚਰਚਾਦੇ ਦੌਰਾਨ ਪ੍ਰਮੁੱਖ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਸਪੱਸ਼ਟ ਕੀਤਾ ਕਿ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਭਾਜਪਾ ਦਾ ਇਹ ਨਵਾਂ ਪੈਂਤੜਾ ਹੈ, ਅਸਲ ਵਿੱਚ ਉਹ ਕਿਸੇ ਵੀ ਪਾਰਟੀ ਵਿੱਚ ਸ਼ਾਮਲ ਨਹੀਂ ਹੋ ਰਹੇ। ਰਾਜੇਵਾਲ ਨੇ ਕਿਹਾ ਕਿ ਕਿਸਾਨ ਅੰਦੋਲਨ ਦੇ ਕਾਰਨ ਮੋਦੀ ਸਰਕਾਰ ਘਬਰਾਈ ਪਈ ਹੈ, ਇਸ ਕਰਕੇ ਅੰਦੋਲਨ ਨੂੰ ਬਦਨਾਮ ਕਰਨ ਲਈ ਰੋਜ਼ ਨਵਾਂ ਝੂਠ ਪ੍ਰਚਾਰਿਆ ਜਾਂਦਾ ਅਤੇ ਉਸਨੂੰ ਸੱਚ ਬਣਾਉਣ ਦੇ ਯਤਨ ਕੀਤੇ ਜਾਂਦੇ ਹਨ। ਉਨ੍ਹਾ ਨੇ ਕਿਹਾ ਕਿ ਭਾਜਪਾ ਇਸ ਕਿਸਾਨੀ ਘੋਲ ਨੂੰ ਬਦਨਾਮ ਕਰਨ ਲਈ ਕਈ ਪੈਂਤੜੇ ਅਪਣਾ ਚੁੱਕੀ ਹੈ ਤੇ ਉਸੇ ਤਰ੍ਹਾਂ ਇਹ ਨਵਾਂ ਸ਼ੋਸ਼ਾ ਹੈ, ਜਿਸ ਤੋਂ ਲੋਕਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਇਸ ਮੌਕੇ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪਿਛਲੇ ਦਿਨੀਂ ਇਕ ਵੀਡੀ? ਵਾਇਰਲ ਕਰ ਕੇ ਇਹ ਦਾਅਵਾ ਕੀਤਾ ਗਿਆ ਹੈ ਕਿ ਮੈਂ ਆਮ ਆਦਮੀ ਪਾਰਟੀਵਿੱਚ ਸ਼ਾਮਲ ਹੋ ਰਿਹਾਂ ਹਾਂ ਤੇ ਮੈਨੂੰ ਮੁੱਖ ਮੰਤਰੀ ਉਮੀਦਵਾਰ ਐਲਾਨਿਆ ਜਾਵੇਗਾ, ਪਰ ਸੱਚਾਈ ਇਹ ਹੈ ਕਿ ਮੈਂ ਪਿਛਲੇ ਇਕ ਸਾਲ ਤੋਂ ਉਸ ਪਾਰਟੀ ਦੇ ਕਿਸੇ ਛੋਟੇ ਲੀਡਰ ਨੂੰ ਵੀ ਨਹੀਂ ਮਿਲਿਆ ਉਨ੍ਹਾਂ ਕਿਹਾ ਕਿ ਕਈ ਵਾਰ ਕੁਝ ਜਥੇਬੰਦੀਆਂ ਜੇ ਮੈਨੂੰ ਏਦਾਂ ਦੀ ਕੋਈ ਸਲਾਹ ਵੀ ਦਿੰਦੀਆਂ ਹਨ ਤਾਂ ਮੈਂ ਉਨ੍ਹਾਂ ਨੂੰ ਸਪੱਸ਼ਟ ਕਹਿ ਦਿੰਦਾ ਹਾਂ ਕਿ ਮੇਰਾ ਨਿਸ਼ਾਨਾ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣਾ ਹੈ, ਜਿਸ ਲਈ ਕਿਸਾਨ ਕਈ ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ ਉੱਤੇ ਡੇਰੇ ਲਾਈ ਬੈਠੇ ਹਨ। ਰਾਜੇਵਾਲ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਜਦੋਂ ਮੋਰਚਾ ਸਿਖ਼ਰ ਉੱਤੇਚਲਾ ਗਿਆ ਹੈ ਤਾਂ ਅਜਿਹੇ ਮੌਕੇ ਇਸ ਤਰ੍ਹਾਂ ਦੀਆਂ ਗੱਲਾਂ ਮੋਰਚੇ ਨੂੰ ਢਾਹ ਲਾ ਸਕਦੀਆਂ ਹਨ। ਐਨ ਇਸ ਮੌਕੇ ਕੋਰੋਨਾ ਮਹਾਮਾਰੀ ਦੀ ਤੀਸਰੀ ਲਹਿਰ ਦੇ ਸ਼ੱਕ ਕਾਰਨ ਭਾਰਤੀ ਕਿਸਾਨ ਯੂਨੀਅਨ ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਨੇ ਸਰਕਾਰ ਨੂੰ ਕਿਹਾਕਿ 7 ਮਹੀਨੇ ਤੋਂ ਕਿਸਾਨ ਅੰਦੋਲਨ ਚੱਲ ਰਿਹਾ ਹੈ, ਕੀ ਸਰਕਾਰ ਨੂੰ ਸ਼ਰਮ ਨਹੀਂ ਆਉਂਦੀ? ਅੰਦੋਲਨ ਦੀ ਅਗਲੀ ਸਥਿਤੀ ਬਾਰੇ ਟਿਕੈਤ ਕਿਹਾ ਹੈ ਕਿ ਕੋਰੋਨਾ ਦੀ ਤੀਸਰੀ ਲਹਿਰ ਆਉਂਦੀ ਹੈ ਤਾਂ ਅਸੀਂ ਇੱਥੇ ਰਹਾਂਗੇ ਉਨ੍ਹਾ ਨੇ ਟਵੀਟ ਰਾਹੀਂ ਸਰਕਾਰ ਨੂੰ ਸਾਫ਼ ਸੰਕੇਤ ਦਿੱਤਾ ਕਿ ਅੰਦੋਲਨ ਕਿਸੇ ਵੀ ਕੀਮਤ ਉੱਤੇ ਵਾਪਸ ਹੋਣ ਵਾਲਾ ਨਹੀਂ। ਉਨ੍ਹਾਂ ਨੇ ਟਵੀਟ ਕੀਤਾ:'ਸੁਣ ਲੈ ਸਰਕਾਰ, ਕਿਸਾਨ ਇਕ ਵਾਰ ਫਿਰ ਤਿਆਰ। ਉਨ੍ਹਾਂ ਨੇ ਇਹ ਵੀ ਲਿਖਿਆ ਕਿ ਅੰਦੋਲਨ ਖ਼ਤਮ ਨਹੀਂ ਹੋਵੇਗਾ ਅਤੇ ਇਹ ਸ਼ਾਂਤੀਪੂਰਨ ਤਰੀਕੇ ਨਾਲ ਚੱਲਦਾ ਰਹੇਗਾ।




- BEAM LOG • POLY
- COMPACTING
- STYROFOAM
- FOUNDATION
- DAMPPROOFING
- WINDOW WELL
- INSULATION
- REINFORCING STEEL
- POST TENSIONING & WIRE MESH
- DRIVEWAY, SIDEWALK & GARAGE



-ਮੁਫ਼ਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com





HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)



HARDEV SINGH GREWAL
Mortgage Consultant
Cell: 604-500-3920

Professional & Experienced
MORTGAGE CONSULTANTS
Ph: 604-593-6622
Fax: 604-593-6615
Unit 204 - 7928 128 St.
(York Business Centre) Surrey

www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839




# ਫਾਰਮ ਵਰਕਰਾਂ ਦੀ ਲੋੜ

ਬਲਿਊ ਬੇਰੀ ਫਾਰਮ ਵਾਲਿਆਂ ਨੂੰ ਬਲਿਊ ਬੇਰੀ ਤੋੜਨ ਲਈ ਮਸ਼ੀਨ ਓਪਰੇਟਰਾਂ ਦੀ ਜ਼ਰੂਰਤ ਹੈ। ਕੰਮ ਲਈ ਸਿੱਧਾ ਫਾਰਮ ਨਾਲ ਸੰਪਰਕ ਕਰੋ। ਰਾਇਡ ਦਾ ਪੂਰਾ ਪ੍ਰਬੰਧ ਹੈ। ਕੀਤੇ ਹੋਏ ਕੰਮ ਦੀਆਂ ਵੀਕਾਂ ਦਿਤੀਆਂ ਜਾਣਗੀਆਂ। ਤਨਖ਼ਾਹ ਬਾਇ-ਵੀਕਲੀ ਦਿੱਤੀ ਜਾਵੇਗੀ। ਪਿਕਿੰਗ ਤੋਂ ਬਾਦ ਬੇਰੀ ਪਰੂਨਿੰਗ ਦਾ ਕੰਮ ਵੀ ਸ਼ੁਰੂ ਹੋ ਜਾਵੇਗਾ।

ਜਨਰਲ ਫਾਰਮ ਵਰਕਰਾਂ ਦੀ ਲੋੜ ਹੈ।

ਪਰਦੀਪ ਸੇਖੋਂ:
604-813-0713
604-591-5104




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ
604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

299 ਕਹਿੰਦੇ ਗੁਰੂ ਜੀ ਸਾਡਾ ਨਹੀਂ ਮਨ ਮੰਨਦਾ, ਇੱਕੋ ਗੱਲ ਨਾ ਮੁੜ ਦੁਹਰਾਓ ਮਾਤਾ।
ਸਭ ਛੇਤੀ ਠੀਕ ਹੈ ਹੋ ਜਾਣਾ, ਤੁਸੀਂ ਐਵੇਂ ਨਾ ਘਬਰਾਓ ਮਾਤਾ।
ਜਿੱਥੇ ਤਿੰਨ ਮਹੀਨੇ ਕੱਟ ਲਏ, ਕੁਝ ਸਮਾਂ ਹੋਰ ਸੁਸਤਾਓ ਮਾਤਾ।
ਘੇਰਾ ਟੁੱਟਣ ਵਾਲਾ ਹਰਚੰਦ ਸਿੰਘਾ, ਦੁਸ਼ਮਣ ਖੇਡਦਾ ਆਖਰੀ ਦਾਓ ਮਾਤਾ॥

300 ਮਾਤਾ ਆਖਦੀ ਬਾਦਸ਼ਾਹ ਹਿੰਦ ਦਾ ਇਹ, ਉਸ ਕੋਲ ਜਹਾਨ ਦਾ ਧਨ ਬੇਟਾ।
ਕੁੱਟ ਕੁੱਟ ਕੇ ਖੋਹਣ ਉਹ ਪਰਜਾ ਤੋਂ, ਪੈਸੇ, ਪੱਠੇ ਦੁੱਧ ਤੇ ਅੰਨ ਬੇਟਾ।
ਭੁੱਖੇ ਸਿੰਘ ਮੈਥੋਂ ਨੀ ਦੇਖ ਹੁੰਦੇ, ਜਿੱਦ ਛੱਡ ਕੇ ਮਾਂ ਦੀ ਮੰਨ ਬੇਟਾ।
ਸਿੰਘ ਸੁੱਕ ਕੇ ਵੇਖ ਕਰੰਗ ਹੋਏ, ਤਨ ਦਿੱਤੇ ਭੁੱਖ ਨੇ ਭੰਨ ਬੇਟਾ॥

301 ਸੌਂਹਾਂ ਖਾ ਕੇ ਹਮਲਾ ਕਰਨਗੇ ਜੇ, ਤਾਂ ਇਨ੍ਹਾਂ ਦਾ ਦੀਨ ਅਮਾਨ ਜਾਊ।
ਅਸਾਂ ਲੜ ਕੇ ਹੋ ਸ਼ਹੀਦ ਜਾਣਾ, ਵਾਂਗ ਸੂਰਿਆਂ ਸਾਡੀ ਜਾਨ ਜਾਊ।
ਫਿੱਟ ਲਾਹਨਤਾਂ ਪੈਣੀਆਂ ਝੂਠਿਆਂ ਨੂੰ, ਕਰਤੂਤ ਇਨ੍ਹਾਂ ਦੀ ਜਾਨ ਜਹਾਨ ਜਾਊ॥
ਗਾਂ ਦੇਊ ਸਰਾਫ਼ ਫਿਰ ਹਿੰਦੂਆਂ ਨੂੰ, ਮੁਸਲਮਾਨਾਂ ਨੂੰ ਮਾਰ ਕੁਰਾਨ ਜਾਊ॥

302 ਸ਼ਾਹੀ ਮੋਹਰ ਚਿੱਠੀ ਤੇ ਲਾ ਭੇਜੀ, ਸਹੀ ਆਪਣੀ ਬਾਦਸ਼ਾਹ ਪਾਈ ਬੇਟਾ।
ਕੁਰਆਨ ਸਰੀਫ਼ ਮੁੱਲਾਂ ਨੇ ਸੀਸ ਧਰਿਆ, ਹਿੰਦੂਆਂ ਆਟੇ ਦੀ ਗਊ ਬਣਾਈ ਬੇਟਾ।
ਪੰਚਾਇਤ ਜੁੜ ਕੇ ਸਾਡੇ ਪਾਸ ਆਈ, ਨੀਵੇਂ ਹੋ ਕੇ ਅਰਜ ਸੁਣਾਈ ਬੇਟਾ।
ਬਹੁਤੀ ਜਿੱਦ ਵੀ ਕਰਨੀ ਠੀਕ ਨਾਂਹੀ, ਜਿੱਦ ਛੱਡ ਕੇ ਕਰ ਸਮਾਈ ਬੇਟਾ॥

303 ਆਹ ਦਿਨ ਨਾ ਦੇਖਣੇ ਪੁੱਤ ਪੈਂਦੇ, ਗੱਲਾਂ ਮੇਰੀਆਂ ਅਗਰ ਤੂੰ ਮੰਨ ਲੈਂਦਾ।
ਭੀਮ ਚੰਦ ਪੁਆੜੇ ਦੀ ਜੜ ਸਾਰੀ, ਧੌਣ ਇਸਦੀ ਪਹਿਲਾਂ ਜੇ ਭੰਨ ਲੈਂਦਾ।
ਨੱਥਾਂ ਪਾ ਕੇ ਦੋਖੀ ਰਾਜਿਆਂ ਦੇ, ਪਾਵੇ ਆਪਣੇ ਨਾਲ ਜੇ ਬੰਨ੍ਹ ਲੈਂਦਾ।
ਹਰਚੰਦ ਸਿੰਘਾ ਜੋੜ ਕੇ ਸਿੰਘ ਸੂਰੇ, ਲਾ ਦਿੱਲੀ ਨੂੰ ਕਦੋਂ ਦਾ ਸੰਨ੍ਹ ਲੈਂਦਾ॥

304 ਜਿਨ੍ਹਾਂ ਵਾਸਤੇ ਸਿੰਘ ਸ਼ਹੀਦ ਹੋਏ, ਇਨ੍ਹਾਂ ਰਾਜਿਆਂ ਦੱਸ ਕੀ ਮੁੱਲ ਪਾਇਆ।
ਜੇ ਆਪ ਨਹੀਂ ਸੀ ਰਾਜ ਕਰਨਾ, ਇਨ੍ਹਾਂ ਲਈ ਫਿਰ ਕਿਉਂ ਜੰਗ ਲਾਇਆ।
ਜਿਨ੍ਹਾਂ ਵਾਸਤੇ ਮੁਗਲ ਨਾਰਾਜ਼ ਕੀਤੇ, ਉਨ੍ਹਾਂ ਰਾਜਿਆਂ ਆ ਕੇ ਜ਼ੁਲਮ ਢਾਇਆ।
ਭੁੱਖ ਮਰੀ ਅਤੇ ਬਰਵਾਦੀ ਦਾ, ਹਰਚੰਦ ਸਿੰਘਾ ਇਨ੍ਹਾਂ ਤੋਂ ਦਾਨ ਆਇਆ॥

305 ਜ਼ੋਰ-ਜੋਸ਼ ਵੀ ਕਿਸੇ ਨਾ ਕੰਮ ਆਉਂਦੇ, ਬਿਨਾਂ ਹੋਸ਼ ਅਤੇ ਹੁਸ਼ਿਆਰੀਆਂ ਤੋਂ।
ਬਿਨਾਂ ਸਿਆਸਤਾਂ ਚਲਦੇ ਰਾਜ ਨਾਹੀਂ, ਵਣਜ ਹੋਏ ਨਾ ਬਿਨਾਂ ਵਪਾਰੀਆਂ ਤੋਂ।
ਲੱਖ ਸਾਂਭਿਆਂ ਛੁੱਟ ਨਸੀਬ ਜਾਂਦੇ, ਕੁੱਝ ਬਣੇ ਨਾ ਕਿਸਮਤਾਂ ਹਾਰੀਆਂ ਤੋਂ।
ਭੀਖ ਮੰਗਣ ਇਹ ਸਾਡੇ ਦਰ ਆਏ, ਬੂਹੇ ਭੇੜ ਨਾ ਹੁਣ ਭਿਖਾਰੀਆਂ ਤੋਂ॥

306 ਭੁੱਖ-ਮਰੀ ਦੀ ਮੌਤ ਤੋਂ ਲੱਖ ਚੰਗਾ, ਫੱਟ ਖਾ ਕਟਾਰ ਦਾ ਮਰ ਜਾਈਏ।
ਜਿਸ ਕੌਮ ਨੇ ਗੱਦੀਆਂ ਬਖ਼ਸੀਆਂ ਨੇ, ਨਾਂ ਉਸ ਦਾ ਰੌਸ਼ਨ ਕਰ ਜਾਈਏ।
ਜਿਸ ਘਰ ਅਖੀਰ ਨੂੰ ਜਾਵਣਾ ਏ, ਜੇਤੂ ਹੋ ਅਕਾਲ ਦੇ ਘਰ ਜਾਈਏ।
ਹਰਚੰਦ ਸਿੰਘਾ ਇਤਿਹਾਸ ਦੇ ਪੰਨਿਆਂ ਤੇ, ਮੋਮਬੱਤੀਆਂ ਬਾਲ ਕੇ ਧਰ ਜਾਈਏ॥

307 ਮੈਂ ਪਤਨੀ ਇਕ ਸ਼ਹੀਦ ਦੀ ਆਂ, ਮੈਨੂੰ ਭੈਅ ਨਾ ਮੌਤ ਦਾ ਮੂਲ ਖਾਏ।
ਹਾਲਤ ਵੇਖ ਨਾ ਹੋਏ ਪੋਤਿਆਂ ਦੀ, ਪਲ ਪਲ ਹੈ ਮੁੱਕਦੀ ਜਾਨ ਜਾਏ।
ਭੁੱਖੇ ਤਨ ਤੇ ਮਿੱਟੀ ਹੋਣ ਲੱਗੇ, ਜਿੰਦਾਂ ਨਿੱਕੀਆਂ ਤੇ ਵੱਡੇ ਦੁੱਖ ਲਾਏ।
ਮੈਂ ਕੱਢ ਕੇ ਇਨ੍ਹਾਂ ਪਲਾ ਦੇਂਦੀ, ਮੇਰੀ ਛਾਤੀ ਵਿਚ ਜੇ ਸੀਰ ਆਏ॥

308 ਜਾਂ ਹੋ ਸਿਪਾਹੀ ਜਾਂ ਸੰਤ ਹੋ ਜਾ, ਦੋਵੇਂ ਪਾਸੇ ਨਾ ਹੱਥ ਪਸਾਰ ਬੇਟਾ।
ਦੋਵੇਂ ਗੱਲਾਂ ਮੇਚ ਨਾ ਖਾਂਦੀਆਂ ਨੇ, ਵੱਖ ਦੋਹਾਂ ਦਾ ਕਾਰ-ਵਿਹਾਰ ਬੇਟਾ।
ਰਾਜਾ ਬਣਕੇ ਜਾਂ ਤੇ ਰਾਜ ਕਰਲੈ, ਭਗਤੀ ਕਰ ਜਾਂ ਬਣ ਅਵਤਾਰ ਬੇਟਾ।
ਹਰਚੰਦ ਸਿੰਘਾ ਸੱਚ ਮੈਂ ਕਹਿ ਦਿੱਤਾ, ਬਾਕੀ ਕਰ ਲੈ ਆਪ ਵਿਚਾਰ ਬੇਟਾ॥

### ਗੁਰੂ ਜੀ

309 ਜੋ ਕਹੋਂਗੇ ਉਹ ਪ੍ਰਵਾਨ ਸਾਨੂੰ, ਕਿਸੇ ਹੋਣੀ ਦਾ ਸਾਨੂੰ ਨਾ ਡਰ ਮਾਤਾ।
ਤੁਹਾਡੇ ਵਿੱਚੋਂ ਪਿਤਾ ਜੀ ਨਜ਼ਰ ਆਏ, ਸਾਨੂੰ ਦਿੱਤਾ ਨਿਹਾਲ ਹੈ ਕਰ ਮਾਤਾ।
ਅੱਗੇ ਲੱਗੋ ਆਪਦੇ ਅਸੀਂ ਪਿੱਛੇ, ਚੱਲੋ ਖੋਲ੍ਹ ਕਿਲ੍ਹੇ ਦਰ ਮਾਤਾ।
ਹਰਚੰਦ ਸਿੰਘਾ ਗੁਰੂ ਤੋਂ ਮਾਂ ਵੱਡੀ, ਹੱਥ ਗੁਰੂ ਦੇ ਸੀਸ ਤੇ ਧਰ ਮਾਤਾ॥

### ਅਨੰਦਪੁਰ ਛੱਡਣਾ

310 ਕਿਲ੍ਹਾ ਛੱਡਣ ਦਾ ਗੁਰਾਂ ਐਲਾਨ ਕੀਤਾ, ਹੋਣ ਲੱਗੀਆਂ ਸਭ ਤਿਆਰੀਆਂ ਨੇ।
ਹੋਇਆ ਫੈਸਲਾ ਕਸਮਾਂ-ਵਾਅਦਿਆਂ ਤੇ, ਅੱਗੇ ਖੜ੍ਹੀਆਂ ਫੌਜਾਂ ਭਾਰੀਆਂ ਨੇ।
ਹਨੇਰੀ ਪੋਹ ਦੀ ਠਰੀ ਰਾਤ ਹੈ ਸੀ, ਮੀਂਹ ਬਰਸਦਾ ਚੜ੍ਹੀਆਂ ਠਾਰੀਆਂ ਨੇ।
ਹਰਚੰਦ ਸਿੰਘਾ ਦੁੱਖਾਂ ਦੇ ਸਾਗਰ ਥੀਂ, ਜਾ ਵੜੀਆਂ ਜਿੰਦਾਂ ਪਿਆਰੀਆਂ ਨੇ॥

311 ਗਿੱਲੀ-ਸਿੱਲੀ ਸਿਆਲ ਦੀ ਰਾਤ ਕਾਲੀ, ਕਿਲ੍ਹਾ ਛੱਡਿਆ ਸੱਚੀ ਸਰਕਾਰ ਹੈ ਸੀ।
ਕੋਈ ਲਿਖੇ ਸਤਾਰਾਂ ਸੌ ਪੰਜ ਹੈ ਸੀ, ਕੋਈ ਦੱਸੇ ਸਤਾਰਾਂ ਸੌ ਚਾਰ ਹੈ ਸੀ।
ਸਾਲ ਮਹੀਨਾ ਭਾਵੇਂ ਕੋਈ ਹੋਵੇ, ਪਰ ਹੋਇਆ ਅੱਤਿਆਚਾਰ ਹੈ ਸੀ।
ਨੌਵੇਂ ਗੁਰਾਂ ਦੇ ਸੀਸ ਨੂੰ ਟੇਕ ਮੱਥਾ, ਬੋਲ ਵਾਹਿਗੁਰੂ ਤੁਰੇ ਪਰਿਵਾਰ ਹੈ ਸੀ॥

312 ਦਸਮੇਸ਼ ਪਿਤਾ ਨੇ ਕਿਹਾ ਗੁਰਬਖਸ਼ ਸਿੰਘਾ, ਤੁਸੀਂ ਪਿਤਾ ਦੀ ਸੇਵ ਕਮਾਵਨੀ ਏ।
ਖਿਆਲ ਰੱਖਣਾ ਕੋਟ ਤੇ ਕਿਲ੍ਹਿਆਂ ਦਾ, ਧੂਫ-ਬੱਤੀ ਤੇ ਜੋਤ ਜਗਾਵਨੀ ਏ।
ਵਾਂਗ ਸੂਰਿਆਂ ਜਰਨੀ ਜਿੰਦ ਉਤੇ, ਔਖ ਸਿੰਘ ਜੀ ਜੋ ਵੀ ਆਵਨੀ ਏ।
ਜਿਊਂਦਾ ਰਿਹਾ ਤਾਂ ਸਾਨੂੰ ਹਰਚੰਦ ਸਿੰਘਾ, ਖਬਰਸਾਰ ਤੈਂ ਸਾਰੀ ਪਹੁੰਚਾਵਨੀ ਏ॥

313 ਪਹਿਰ ਰਾਤ ਗਈ ਤੁਰੀ ਵਹੀਰ ਪਹਿਲਾਂ, ਬੱਚੇ ਬੁੱਢੇ ਤੇ ਸਭ ਪਰਿਵਾਰ ਚੱਲੇ।
ਅੱਗੇ ਪਿੱਛੇ ਸੀ ਨਾਮੀ ਸਿੰਘ ਸੂਰੇ, ਸਸਤਰ ਸਾਂਭ ਕੇ ਘੋੜ ਅਸਵਾਰ ਚੱਲੇ।
ਧਰਮ ਸਿੰਘ ਤੇ ਮੋਹਕਮ ਸਿੰਘ ਤੁਰੇ, ਜਵਾਹਰ ਸਿੰਘ, ਮਾਨ ਸਿੰਘ ਸਰਦਾਰ ਚੱਲੇ।
ਹਰਚੰਦ ਸਿੰਘਾ ਮਸਾਲਾਂ ਹੱਥ ਲੈ ਕੇ, ਕਰਤਾਰਪੁਰ ਵੱਲ ਨੂੰ ਹੋ ਹੁਸਿਆਰ ਚੱਲੇ॥

314 ਵਸਤਾਂ ਚੁੱਕੀਆਂ ਜੋ ਸੀ ਚੱਕ ਹੋਈਆਂ, ਬਾਕੀ ਫੂਕੀਆਂ ਅਗਨੀ ਲਾ ਕੇ ਜੀ।
ਹੱਥ ਆਉਣ ਨਾ ਦੋਖੀ ਦੁਸ਼ਮਨਾਂ ਦੇ, ਸਤਲੁਜ ਸੁੱਟੀਆਂ ਸਿੰਘਾਂ ਲਿਜਾ ਕੇ ਜੀ।
ਬਾਕੀ ਸਿੰਘ ਗੁਰਾਂ ਦੇ ਨਾਲ ਚੱਲੇ, ਨਾਅਰੇ ਸੋ ਨਿਹਾਲ ਦੇ ਲਾ ਕੇ ਜੀ।
ਅਜੀਤ ਸਿੰਘ ਅਤੇ ਜੁਝਾਰ ਸਿੰਘ ਚੱਲੇ, ਨਾਲ ਪਿਤਾ ਦੇ ਸਸਤਰ ਸਜਾ ਕੇ ਜੀ॥

315 ਅਜੀਤ ਸਿੰਘ ਨੇ ਵੇਖਿਆ ਕਈ ਵਾਰੀ, ਚਾਰੋਂ ਪਾਸੇ ਨਜ਼ਰ ਘੁਮਾ ਬਾਰੀ।
ਪਿਉ-ਦਾਦੇ ਦੇ ਬਾਗ ਤੇ ਮਹਿਲ ਕਿਲ੍ਹੇ, ਛੱਡ ਚੱਲੇ ਜੰਦਰੇ ਲਾ ਬਾਰੀ।
ਮਹਿਲ ਮਾੜੀਆਂ ਨਾਲ ਨਾ ਚੱਕ ਹੋਈਆਂ, ਕਿਲ੍ਹੇ ਛੱਡੇ ਨੇ ਝੰਡੇ ਝੁਲਾ ਬਾਰੀ।
ਹਰਚੰਦ ਸਿੰਘਾ ਭੁੱਲੇ ਨਾ ਜਨਮ ਭੂਮੀ, ਖੇੜ੍ਹੇ ਮਿੱਟੀ ਦੇ ਘਰ ਬਣਾ ਬਾਰੀ॥

316 ਸਾਰੀ ਰਾਤ ਸੀ ਤੁਰਦਿਆਂ ਬੀਤ ਚੁੱਕੀ, ਕਾਹਲੀ ਕਾਹਲੀ ਸਫਰ ਮੁਕਾਇਆ ਏ।
ਲੋ ਹੋਈ ਤੇ ਚਿੜੀਆਂ ਚੂੰਕ ਪਈਆਂ, ਗੁਰਾਂ ਰੁਕਣ ਦਾ ਹੁਕਮ ਸੁਣਾਇਆ ਏ।
ਨੇੜੇ ਪਹੁੰਚ ਕਿਨਾਰੇ ਸਰਸਾ ਦੇ, ਸਭ ਸੰਗਤਾਂ ਡੇਰਾ ਲਾਇਆ ਏ।
ਬਹਿ ਰਾਗੀਆਂ ਆਸਾ ਦੀ ਵਾਰ ਗਾਈ, ਹਰਚੰਦ ਸਿੰਘਾ ਨਾਮ ਧਿਆਇਆ ਏ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611


Shirin Mitha
604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਉਨ੍ਹਾਂ ਦੀ ਦੀਵਾਨੀ ਹੋ ਗਈ-ਅਮਾਇਰਾ



ਟੌਪ ਮਾਡਲ ਬਣਨ ਦੇ ਬਾਅਦ ਅਭਿਨੈ ਜਗਤ ਵਿੱਚ ਦਾਖਲ ਹੋਣ ਵਾਲੀ ਅਮਾਇਰਾ ਦਸਤੂਰ ਇਨ੍ਹੀਂ ਦਿਨੀਂ ਫਿਲਮਾਂ ਦੇ ਇਲਾਵਾ ਡਿਜੀਟਲ ਪਲੇਟਫਾਰਮ ਉੱਤੇ ਬੇਹੱਦ ਬਿਜ਼ੀ ਨਜ਼ਰ ਆ ਰਹੀ ਹੈ। ਕਈ ਵੱਡੇ ਬ੍ਰਾਂਡਸ ਦੇ ਉਤਪਾਦਾਂ ਲਈ ਐਡ ਵਿੱਚ ਕੰਮ ਕਰਦੇ ਹੋਏ ਅਮਾਇਰਾ 'ਇਸ਼ਕ , 'ਰਾਜਮਾਂਹ ਚਾਵਲ , 'ਕੁੰਗ ਫੂ ਯੋਗਾ , 'ਮਿਸਟਰ ਐਕਸ , 'ਜਜਮੈਂਟਲ ਹੈ ਕਯਾ ਵਰਗੀਆਂ ਫਿਲਮਾਂ ਵਿੱਚ ਵੀ ਨਜ਼ਰ ਆ ਚੁੱਕੀ ਹੈ। ਇਸ ਸਾਲ ਸੈਫ ਅਲੀ ਖਾਨ ਅਤੇ ਡਿੰਪਲ ਕਪਾਡੀਆ ਵਰਗੇ ਸਿਤਾਰਿਆਂ ਨਾਲ ਵੈੱਬ ਸੀਰੀਜ਼ 'ਤਾਂਡਵ ਤੋਂ ਇਲਾਵਾ ਉਹ ਫਿਲਮ 'ਕੋਈ ਜਾਨੇ ਨਾ ਵਿੱਚ ਵੀ ਨਜ਼ਰ ਆਈ ਹੈ। ਇਨ੍ਹੀਂ ਦਿਨੀਂ ਉਸ ਦੀ ਝੋਲੀ ਵਿੱਚ ਸਾਊਥ ਦੀਆਂ ਦੋ ਵੱਡੀਆਂ ਫਿਲਮਾਂ ਦੇ ਨਾਲ ਇੱਕ ਹੋਰ ਵੈੱਬ ਸੀਰੀਜ਼ 'ਡੋਂਗਰੀ ਟੂ ਦੁਬਈ ਸ਼ਾਮਲ ਹੈ। ਇਨ੍ਹੀਂ ਦਿਨੀਂ ਉਹ ਆਪਣੇ ਨਵੇਂ ਮਿਊਜ਼ਿਕ ਵੀਡੀ? 'ਪਿੰਡ ਖਾਲੀ ਲਗਦਾ ਬਾਰੇ ਵੀ ਸੁਰਖੀਆਂ ਖੱਟ ਰਹੀ ਹੈ। ਇਸ ਵੀਡੀ? ਵਿੱਚ ਉਸ ਨਾਲ ਅਭਿਨੇਤਾ ਪ੍ਰਿਆਂਕ ਸ਼ਰਮਾ ਨਜ਼ਰ ਆ ਰਿਹਾ ਹੈ। ਇਸ ਗੀਤ ਨੂੰ ਪਲਕ ਮੁੱਛਲ ਨੇ ਆਵਾਜ਼ ਦਿੱਤੀ ਹੈ। ਪੇਸ਼ ਹਨ ਅਮਾਇਰਾ ਨਾ ਹੋਈ ਗੱਲਬਾਤ ਦੇ ਕੁਝ ਅੰਸ਼ :

**'ਪਿਤਾ ਵਾਂਗ ਡਾਕਟਰ ਬਣਨ ਦੀ ਬਜਾਏ ਤੁਸੀਂ ਐਕਟਿੰਗ ਨੂੰ ਕਿਉਂ ਚੁਣਿਆ ?**

—ਇਨਸਾਨ ਸੋਚਦਾ ਕੁਝ ਹੋਰ ਅਤੇ ਹੁੰਦਾ ਕੁਝ ਹੋਰ ਹੈ। ਮੇਰੇ ਪਿਤਾ ਜੀ ਇੱਕ ਹਸਪਤਾਲ ਦੇ ਸਰਜਨ ਅਤੇ ਡਾਇਰੈਕਟਰ ਹਨ। ਮਾਂ ਨੌਕਰੀ ਕਰਦੀ ਸੀ, ਪਰ ਭਰਾ ਅਤੇ ਮੇਰੀ ਪਰਵਰਿਸ਼ ਦੀ ਖਾਤਰ ਉਨ੍ਹਾਂ ਨੇ ਆਪਣੀ ਨੌਕਰੀ ਛੱਡ ਦਿੱਤੀ। ਬਚਪਨ ਵਿੱਚ ਮੈਂ ਆਪਣੇ ਤੋਂ ਇੱਕ ਸਾਲ ਵੱਡੇ ਭਰਾ ਦੇ ਕੱਪੜੇ ਪਾਇਆ ਕਰਦੀ ਸੀ। ਭਰਾ ਨਾਲ ਮਸਤੀ ਤੇ ਪੜ੍ਹਾਈ ਕਰਨਾ ਇਹੀ ਮੇਰੀ ਜ਼ਿੰਦਗੀ ਸੀ। ਸਕੂਲ ਵਿੱਚ ਅਕਸਰ ਮੈਨੂੰ ਡਰਾਮਾ ਅਤੇ ਕੰਪੀਟੀਸ਼ਨਾਂ ਵਿੱਚ ਸਿਲੈਕਟ ਕੀਤਾ ਜਾਂਦਾ ਸੀ। 10ਵੀਂ ਦੇ ਇਮਤਿਹਾਨ ਦੇ ਬਾਅਦ ਮੈਂ ਸੋਚਿਆ ਕਿ ਮੈਨੂੰ ਐਕਟਿੰਗ ਵਿੱਚ ਟਰਾਈ ਕਰਨਾ ਚਾਹੀਦਾ ਹੈ, ਜੇ ਹੀਰੋਇਨ ਨਾ ਵੀ ਬਣੀ ਤਾਂ ਕਿਸੇ ਹੋਰ ਪ੍ਰੋਫੈਸ਼ਨ ਵਿੱਚ ਖੁਦ ਨੂੰ ਅਜ਼ਮਾ ਲਵਾਂਗੀ।

**'ਫਿਰ ਤੁਸੀਂ ਐਕਟਿੰਗ ਵਿੱਚ ਕੋਸ਼ਿਸ਼ ਕਰਨ ਲੱਗੇ ?**

—ਫਿਲਮਾਂ ਲਈ ਟੈਲੈਂਟ, ਅਨੁਭਵ, ਕਿਸਮਤ ਆਦਿ ਕਈ ਗੱਲਾਂ ਮਾਇਨੇ ਰੱਖਦੀਆਂ ਹਨ। ਮੰਮੀ ਦੀ ਇੱਕ ਖਾਸ ਸਹੇਲੀ ਫਿਰੋਜ਼ਾ ਮੋਦੀ ਨੇ ਮੈਨੂੰ ਤੇ ਮੰਮੀ ਨੂੰ ਸਮਝਾਇਆ ਕਿ ਫੋਟੋ ਸੈਸ਼ਨ ਦੇ ਨਾਲ ਮਾਡਲਿੰਗ ਕਰਨਾ ਸਹੀ ਹੋਵੇਗਾ। ਮੇਰੇ ਪਰਵਾਰ ਵਿੱਚ ਕਿਸੇ ਨੂੰ ਨਹੀਂ ਪਤਾ ਸੀ ਕਿ ਬਾਲੀਵੁੱਡ ਵਿੱਚ ਜਾਣ ਲਈ ਕੀ ਕਰਨਾ ਚਾਹੀਦਾ ਹੈ। ਮੈਂ ਫਿਰੋਜ਼ਾ ਆਂਟੀ ਦੀ ਸਲਾਹ ਉੱਤੇ ਖੁਦ ਦਾ ਫੋਟੋ ਸੈਸ਼ਨ ਕਰਵਾਇਆ ਤੇ ਆਡੀਸ਼ਨ ਲਈ ਖੁਦ ਨੂੰ ਰਜਿਸਟਰ ਵੀ ਕੀਤਾ। ਸੀਨੀਅਰ ਮਾਡਲ ਐਰਿਕਾ ਨੇ ਮੇਰੀ ਕਾਫੀ ਮਦਦ ਕੀਤੀ। ਮੈਂ ਬਾਡੀ ਸ਼ੇਮਿੰਗ ਤੋਂ ਪ੍ਰੇਸ਼ਾਨ ਸੀ। ਮੈਂ ਲਗਾਤਾਰ ਦੋ ਸਾਲ ਆਡੀਸ਼ਨ ਦਿੱਤੇ। 12ਵੀਂ ਦੇ ਆਖਰੀ ਪੇਪਰਾਂ ਵਾਲੇ ਦਿਨ 'ਇਸ਼ਕ' ਦੇ ਆਫਿਸ ਵਾਲਿਆਂ ਨੇ ਮੈਨੂੰ ਨੈਕਸਟ ਰਾਊਂਡ ਦੇ ਆਡੀਸ਼ਨ ਲਈ ਬੁਲਾਇਆ।

**'ਫਿਲਮ 'ਇਸ਼ਕ ਦੇ ਫਲਾਪ ਹੋਣ ਨਾਲ ਤੁਹਾਡਾ ਕਰੀਅਰ ਕਿੰਨਾ ਪ੍ਰਭਾਵਤ ਹੋਇਆ ?**

—ਦੋ ਸਾਲਾਂ ਤੱਕ ਲਗਾਤਾਰ ਆਡੀਸ਼ਨ ਦਿੰਦੇ-ਦਿੰਦੇ ਮੈਂ ਥੱਕ ਚੁੱਕੀ ਸੀ ਤੇ ਆਸ ਕੀਤੀ ਕਿ ਕੋਈ ਕਿਰਨ ਨਜ਼ਰ ਨਾ ਆਉਣ ਉੱਤੇ ਅਭਿਨੈ ਨੂੰ ਗੁਡਬਾਇ ਕਰਨ ਦਾ ਫੈਸਲਾ ਲੈਂਦੇ ਹੀ ਫਿਲਮ 'ਇਸ਼ਕ ਨਾਲ ਮੇਰਾ ਡੈਬਿਊ ਹੋਇਆ। ਪਹਿਲਾਂ ਤਾਂ ਮੈਨੂੰ ਲੱਗਾ ਕਿ ਫਿਲਮ ਰਿਲੀਜ਼ ਹੁੰਦੇ ਹੀ ਸਟਾਰ ਬਣ ਜਾਵਾਂਗੀ, ਮੈਨੂੰ ਦੇਖ ਕੇ ਭੀੜ ਜਮ੍ਹਾ ਹੋ ਜਾਵੇਗੀ, ਪਰ ਅਜਿਹਾ ਕੁਝ ਨਹੀਂ ਹੋਇਆ। ਫਿਲਮ ਚੱਲੀ ਨਹੀਂ, ਪਰ ਮੇਰਾ ਅਭਿਨੈ ਕ੍ਰਿਟਿਕਸ ਨੂੰ ਚੰਗਾ ਲੱਗਾ ਅਤੇ ਮੈਨੂੰ ਅਜੇ ਤੱਕ ਕੰਮ ਮਿਲ ਰਿਹਾ ਹੈ।

**'ਇਮਰਾਨ ਹਾਸ਼ਮੀ, ਜੈਕੀ ਚੇਨ, ਧਨੁਸ਼, ਰਿਸ਼ੀ ਕਪੂਰ, ਰਾਜ ਕੁਮਾਰ ਰਾਓ ਵਰਗੇ ਕਲਾਕਾਰਾਂ ਤੋਂ ਤੁਸੀਂ ਕੀ ਸਿੱਖਿਆ ?**

—ਮੇਰੀ ਡੈਬਿਊ ਫਿਲਮ 'ਇਸ਼ਕ ਦੌਰਾਨ ਮੈਂ ਬਹੁਤ ਨਰਵਸ ਸੀ। ਇਮਰਾਨ ਹਾਸ਼ਮੀ ਨੇ ਸਲਾਹ ਦਿੱਤੀ ਕਿ ਭੇਡਚਾਲ ਤੋਂ ਦੂਰ ਰਹਿ ਕੇ ਆਪਣਾ ਵਜੂਦ ਬਣਾ? ਅਤੇ ਇਮਾਨਦਾਰੀ ਨਾਲ ਕੰਮ ਕਰਦੇ ਰਹਿਣਾ। ਤਮਿਲ ਫਿਲਮ 'ਏਰਿਗਮ' ਦੌਰਾਨ ਧਨੁਸ਼ ਤੋਂ ਮੈਂ ਨਰਮੀ ਅਤੇ ਇਨਸਾਨੀਅਤ ਸਿੱਖੀ। ਜੈਕੀ ਚੇਨ ਤੋਂ ਫਿਜ਼ੀਕਲੀ ਫਿੱਟ ਰਹਿਣਾ ਸਿੱਖਿਆ। ਰਿਸ਼ੀ ਕਪੂਰ ਤੋਂ ਬੇਝਿਜਕ ਹੋ ਕੇ ਡਾਇਲਾਗਸ ਬੋਲਣਾ ਸਿੱਖਿਆ। ਭਗਵਾਨ ਦਾ ਸ਼ੁਕਰ ਹੈ ਕਿ ਇਨ੍ਹਾਂ ਮਹਾਨ ਕਲਾਕਾਰਾਂ ਤੋਂ ਹਰ ਵਾਰ ਕੁਝ ਨਾ ਕੁਝ ਸਿੱਖਿਆ। ਰਾਜ ਕੁਮਾਰ ਰਾ? ਬਿਹਤਰ ਕਲਾਕਾਰ ਹੈ। ਉਨ੍ਹਾਂ ਨਾਲ ਮੈਂ 'ਮੇਡ ਇਨ ਚਾਈਨਾ ਅਤੇ 'ਜਜਮੈਂਟਲ ਹੈ ਕਯਾ ਵਰਗੀਆਂ ਫਿਲਮਾਂ ਕੀਤੀਆਂ। ਉਨ੍ਹਾਂ ਦੇ ਨਾਲ ਕੰਮ ਕਰਦੇ ਸਮੇਂ ਮੈਂ ਉਨ੍ਹਾਂ ਦੇ ਅੰਦਾਜ਼ ਦੀ ਦੀਵਾਨੀ ਹੋ ਗਈ।

**'ਫਿਲਮ ਅਤੇ ਓ ਟੀ ਟੀ ਵਿੱਚ ਤੁਸੀਂ ਕੀ ਫਰਕ ਮਹਿਸੂਸ ਕਰਦੇ ਹੋ ?**

—ਓ ਟੀ ਟੀ ਉੱਤੇ ਮੈਂ 'ਤਾਂਡਵ ਦਾ ਪਹਿਲਾ ਹਿੱਸਾ ਕਰ ਚੁੱਕੀ ਹਾਂ ਅਤੇ ਦੂਸਰਾ ਹਿੱਸਾ ਕਰਾਂਗੀ। ਵੈੱਬ ਸੀਰੀਜ਼ 'ਡੋਂਗਰੀ ਸੇ ਦੁਬਈ ਦੀ ਸ਼ੂਟਿੰਗ ਵੀ ਮੈਂ ਮਡ ਆਇਲੈਂਡ ਵਿੱਚ ਕੀਤੀ ਹੈ, ਜੋ ਦਾਊਦ ਇਬਰਾਹੀਮ ਉੱਤੇ ਆਧਾਰਤ ਹੈ। ਇਨ੍ਹਾਂ ਵੈੱਬ ਸੀਰੀਜ਼ ਦਾ ਬਜਟ ਕਰੋੜਾਂ ਵਿੱਚ ਹੈ। ਫਿਲਮਾਂਕਣ ਅਤੇ ਮੇਕਿੰਗ ਵਿੱਚ ਇਹ ਫਿਲਮਾਂ ਤੋਂ ਊਨੀ ਨਹੀਂ, ਵੀਹ ਹਨ। ਫਿਲਮਾਂ ਅਤੇ ? ਟੀ ਟੀ ਉੱਤੇ ਕੰਮ ਕਰਦੇ ਹੋਏ ਮੈਨੂੰ ਕੋਈ ਫਰਕ ਮਹਿਸੂਸ ਨਹੀਂ ਹੁੰਦਾ।

**'ਅਮਾਇਰਾ ਬੜਾ ਅਨੋਖਾ ਨਾਂਅ ਹੈ। ਕੀ ਇਸ ਨਾਂਅ ਦਾ ਕੋਈ ਮਤਲਬ ਵੀ ਹੈ ?**

—ਮੇਰੇ ਪਿਤਾ ਡਾਕਟਰ ਗੁਲਜ਼ਾਰ ਦਸਤੂਰ ਪਾਰਸੀ ਹਨ, ਪਰ ਮਾਂ ਡੇਲਨਾ ਦਸਤੂਰ ਈਰਾਨ ਦੀ ਪਾਰਸੀ ਹੈ। ਅਰਬੀ ਭਾਸ਼ਾ ਵਿੱਚ ਰਾਜ ਕੁਮਾਰੀ ਨੂੰ ਅਮਾਇਰਾ ਕਹਿੰਦੇ ਹਨ, ਇਸ ਲਈ ਮੇਰਾ ਨਾਂ ਅਰਬੀ ਵਿੱਚ ਅਮਾਇਰਾ ਰੱਖਿਆ ਗਿਆ।

## ਝੋਲੀ- ਚੁੱਕਾਂ ਅਤੇ ਮੁਖ਼ਬਰਾਂ ਬਾਰੇ ਕਵਿਤਾ

ਖੂਹ ਪੁਟਦੇ ਲਈ ਖਾਤਾ ਨਾਲ਼ੇ-ਨਾਲ਼ ਮੁਖ਼ਬਰਾਂ ਦਾ।
ਆਖ਼ਿਰ ਇੱਕ ਦਿਨ ਮੰਦਾ ਹੋਵੇ ਹਾਲ ਮੁਖ਼ਬਰਾਂ ਦਾ।
ਥੈਲੇ ਅੰਦਰ ਬਿੱਲੀ ਕਦੇ ਲੁਕੋਇਆਂ ਲੁਕਦੀ ਨਾ,
ਲੈਂਦੇ ਖੋਜੀ ਭੇਦ ਅੰਤ ਨੂੰ ਭਾਲ ਮੁਖ਼ਬਰਾਂ ਦਾ।

ਸਿੱਖ ਰਾਜ ਦੇ ਗ਼ੱਦਾਰਾਂ ਦਾ ਹਸ਼ਰ ਜਾਨਣਾ ਜੇ,
ਪੜ੍ਹ ਲੈਣਾ ਇਤਿਹਾਸ 'ਤੇਜ ਤੇ ਲਾਲ' ਮੁਖ਼ਬਰਾਂ ਦਾ।
ਕਰਕੇ ਲੂਣ ਹਰਾਮ ਲਾਲ ਸ਼ਹੀਦ ਕਰਾਏ ਸੀ,
ਨਾ 'ਗੰਗੂ' ਦਾ ਬਣ ਗਿਆ ਇੱਕ ਮਿਸਾਲ ਮੁਖ਼ਬਰਾਂ ਦਾ।

ਗ਼ਦਰੀ ਬਾਬਿਆਂ ਨਾਲ 'ਬੇਲਿਆਂ' ਦਗਾ ਕਮਾਇਆ ਜੋ,
ਸਿਰਲੱਥ ਯੋਧੇ ਬਣ ਕੇ ਆਏ ਕਾਲ ਮੁਖ਼ਬਰਾਂ ਦਾ।
ਵੀਰ ਸਰਾਭੇ ਦੀ ਸੂਹ ਜਾ ਕੇ ਦਿੱਤੀ ਫਿਰੰਗੀ ਨੂੰ,
ਹੁਣ ਤੱਕ ਹੁੰਦਾ ਮੂੰਹ ਕਾਲ਼ਾ 'ਕਿਰਪਾਲ' ਮੁਖ਼ਬਰਾਂ ਦਾ।

ਦੇਣ ਸਿਰੋਪੇ 'ਕੋਪੀਆ ਸੈਣੀਆਂ ਆਲਮਾਂ' ਤਾਈਂ ਜੋ,
ਟੁੱਟਿਆ ਨਾਤਾ ਕੌਮ- ਪੰਥ ਦੇ ਨਾਲ ਮੁਖ਼ਬਰਾਂ ਦਾ।
'ਅੱਜ ਦੇ ਗੰਗੂ' ਸ਼ਰੇ-ਬਜ਼ਾਰੀਂ ਖੇਹ ਉਡਾਉਂਦੇ ਨੇ,
ਜੱਗ ਵਿੱਚ ਨੰਗਾ ਹੋ ਰਿਹੈ ਚੱਲਣ-ਚਾਲ ਮੁਖ਼ਬਰਾਂ ਦਾ।

ਜਿਹਨਾਂ ਦੇ ਲਈ 'ਦੀਪਕ' ਬਣ ਕੇ ਸੜਦੇ- ਬਲ਼ਦੇ ਸੀ,
'ਮੋਦੀਆਂ ਜੋਸ਼ੀਆਂ' ਪੁੱਛਿਆ ਵੀ ਨਾ ਹਾਲ ਮੁਖ਼ਬਰਾਂ ਦਾ।
ਕੌਮ-ਘਾਤ ਦਾ ਕਾਲਾ ਧੱਬਾ ਮੱਥਿ? ਲਹਿੰਦਾ ਨਾ,
ਘਰ ਹੋ ਜਾਂਦਾ ਚਾਹੇ ਮਾਲੋ-ਮਾਲ ਮੁਖ਼ਬਰਾਂ ਦਾ।

—ਡਾ: ਗੁਰਵਿੰਦਰ ਸਿੰਘ

NOW OPENED In CLOVERDALE!!

SM essem textiles CO.





Fashion Fabrics, Suit Fabrics, Quilting Cottons, Sewing Notions, Sewing Patterns, Trims & Clothing

5625 176 St., Cloverdale, BC

Essem Textiles is a modern boutique fabric store that carries a range of fashion fabrics, quilting cottons and notions. We are located on the historic downtown Cloverdale strip. We carry fabrics at affordable prices such as cotton, knits, sequins, lace, satin, brocade, georgette, chiffon, net, velvet, men's suiting & more - come and see for youself! We can't wait to help you get started on your next project.

604-575-0071

Simina: simina@essemtextiles.com

Rajan: rajan@essemtextiles.com

Hours of Operation Mon-Fri: 10am - 6pm

Sat: 11am - 5pm Sun: closed



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

ਜੱਟ ਸਿੱਖ ਕੈਨੇਡੀਅਨ ਪੀ ਆਰ , ਉਮਰ 27 ਸਾਲ, ਕੱਦ 6 ਫੁੱਟ, ਵੈਟਨਰੀ ਡਾਕਟਰ ਡਿਗਰੀ ਹੋਲਡਰ (B.Vse), ਨਸ਼ਾ ਰਹਿਤ, ਲੜਕੇ ਵਾਸਤੇ ਉੱਚ ਸਿਖਿਆ ਪ੍ਰਾਪਤ ਲੜਕੀ ਦੀ ਲੋੜ ਹੈ। ਲੜਕਾ 24 ਏਕੜ ਜ਼ਮੀਨ ਦਾ ਮਾਲਿਕ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ–ਫੋਨ ਨੰਬਰ 778-968-6874

apr25

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ–ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ– ਫੋਨ 587-892-2691, ਇੰਡੀਆ ਨੰਬਰ–98557-86891 (ਵੈਟਸਐਪ)

ਸਰੀ (ਕੈਨੇਡਾ) ਵਿਚ ਵਰਕ ਪਰਮਿਟ ਤੇ ਰਹਿ ਰਹੇ ਜੱਟ ਸਿੱਖ ਢਿੱਲੋਂ, ਜਨਮ 1988, ਕੱਦ 5'11", ਵੈਸ਼ਨੂੰ ਲੜਕੇ ਲਈ ਵੈਸ਼ਨੂੰ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਹੋਵੇ। ਪੀ.ਆਰ., ਵਰਕ ਪਰਮਿਟ, ਸਟੂਡੈਂਟ, ਤਲਾਕਸ਼ੁਦਾ ਅਤੇ ਵਿਜ਼ਟਰ ਵੀਜ਼ਾ ਵਾਲੇ ਸੰਪਰਕ ਕਰ ਸਕਦੇ ਹਨ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਹੈ। ਸੰਪਰਕ: 604-723-5130 or 778-317-5130

june26

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ–ਫੋਨ ਨੰਬਰ 91-77105-45804 (ਵੈਟਸਐਪ)

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।**
**ਅੱਜ ਹੀ ਸੰਪਰਕ ਕਰੋ:**
**ਸਾਹਿਬ ਸਿੰਘ : 778-863-9000**

### ਵਰਕਰਾਂ ਦੀ ਲੋੜ

ਫੋਰਮ ਰੈਂਟਲ (Form Rental) ਕੰਪਨੀ ਵਾਲਿਆਂ ਨੂੰ ਵਰਕਰਾਂ ਦੀ ਜ਼ਰੂਰਤ ਹੈ। ਕੰਮ ਫੁਲ ਟਾਇਮ ਹੈ। ਬੁਜ਼ਰਗ ਵੀ ਅਪਲਾਈ ਕਰ ਸਕਦੇ ਹਨ। ਰਾਈਡ ਦਾ ਪੂਰਾ ਪ੍ਰਬੰਧ ਹੈ। ਹੋਰ ਜਾਣਕਾਰੀ ਲਈ ਕਾਲ ਕਰੋ: 604-761-9315

### ਵਰਕਰਾਂ ਦੀ ਲੋੜ

ਜੈਨੀਟੋਰਿਅਲ ਦਾ ਕੰਮ ਕਰਨ ਲਈ ਕਾਮਿਆਂ ਦੀ ਜਰੂਰਤ ਹੈ। ਵਧੀਆ ਤਨਖਾਹ ਦੀਤੀ ਜਾਵੇਗੀ। ਹੋਰ ਜਾਣਕਾਰੀ ਲਈ ਕਾਲ ਕਰੋ: 604-446-8460

jun26

ਜੈਨੀਟੋਰਿਅਲ ਕੰਪਨੀ ਨੂੰ ਸੇਲਜ਼ ਪਰਸਨ ਦੀ ਜਰੂਰਤ ਹੈ। ਵਧੀਆ ਤਨਖਾਹ ਦੀਤੀ ਜਾਵੇਗੀ। ਹੋਰ ਜਾਣਕਾਰੀ ਲਈ ਕਾਲ ਕਰੋ: 604-446-8460

jun26

ਸਰੀ ਵਿੱਚ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਜ਼ਰੂਰਤ ਹੈ। ਲੰਬੇ ਸ਼ਿਫਟ ਕਰਨ ਦੇ ਯੋਗ ਹੋਵੇ। ਹੋਰ ਜਾਣਕਾਰੀ ਲਈ ਕਾਲ ਕਰੋ: 604-719-4749

jun26

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ– ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

H.R. Stucco & Renovations Ltd. ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ। ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800 | ਅਸੀ ਨਵੇਂ ਅਤੇ ਪੁਰਾਣੇ ਘਰਾਂ ਨੂੰ ਵਧੀਆ ਅਤੇ ਸਸਤੇ ਰੇਟਾਂ ਤੇ ਸਟੱਕੋ ਕਰਦੇ ਹਾਂ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ–ਚਰਨਜੀਤ ਕੌਰ 604-309-8705

dec31


### ਵਰਕਰਾਂ ਦੀ ਲੋੜ

Upholstered ਫਰਨੀਚਰ ਨਿਰਮਾਣ ਵਾਲਿਆਂ ਨੂੰ ਤਜਰਬੇਕਾਰ ਸੀਮਸਟ੍ਰੈਸ (seamstress) ਦੀ ਜ਼ਰੂਰਤ ਹੈ। ਕੱਟਣ ਦੇ ਪੈਟਰਨ, ਸਿਲਾਈ ਸੀਟ ਅਤੇ ਬੈਕ ਕੁਸ਼ਨ, ਉਦਯੋਗਿਕ ਸਿਲਾਈ ਮਸ਼ੀਨਾਂ ਨਾਲ ਕੰਮ ਕਰਨ ਦਾ ਤਜਰਬਾ ਹੋਣਾ ਚਾਹਿਦਾ ਹੈ। ਵੇਰਵੇ ਅਨੁਸਾਰ ਹੋਣ ਦੇ ਦੌਰਾਨ ਇੱਕ ਸਮਰੱਥਾ ਦੀ ਰਫਤਾਰ ਨਾਲ ਕੰਮ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਜੇ ਤੁਹਾਡੇ ਕੋਲ ਫਰਨੀਚਰ ਸੀਮਸਟ੍ਰੈਸ (seamstress) ਦਾ ਪੰਜ ਜਾਂ ਇਸ ਤੋਂ ਵੱਧ ਸਾਲਾਂ ਦਾ ਤਜਰਬਾ ਹੈ ਤਾਂ ਤਨਖਾਹ $20 ਡਾਲਰ ਪ੍ਰਤੀ ਘੰਟਾ ਤੋਂ ਸ਼ੁਰੂ ਹੁੰਦੀ ਹੈ। ਘੱਟ ਤਜਰਬੇਕਾਰ ਸੀਮਸਟ੍ਰੈਸ ਤਨਖਾਹ $16 ਡਾਲਰ ਪ੍ਰਤੀ ਘੰਟੇ ਤੋਂ ਸ਼ੁਰੂ ਹੁੰਦੀ ਹੈ ਅਤੇ ਅਸੀਂ ਸਿਖਲਾਈ ਦੇਵਾਂਗੇ। ਮਿਹਨਤਾਨਾ ਤਜਰਬੇ ਅਤੇ ਮਹਾਰਤ 'ਤੇ ਅਧਾਰਤ ਹੈ। ਕੰਮ ਫੁਲ ਟਾਇਮ ਹੈ। ਕੰਮ ਤੇ ਕੋਵੀਡ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ।

**ਹੋਰ ਜਾਣਕਾਰੀ ਲਈ ਸੰਪਰਕ ਕਰੋ: 604-524-8901**

# ਉੱਡਣਾ ਸਿੱਖ ਮਿਲਖਾ ਸਿੰਘ ਦੀ ਫ਼ਾਨੀ ਸੰਸਾਰ ਤੋਂ ਆਖ਼ਰੀ ਉਡਾਰੀ

ਚੰਡੀਗੜ੍ਹ-ਉੱਡਣੇ ਸਿੱਖ ਵਜੋਂ ਦੁਨੀਆ ਭਰ 'ਚ ਮਸ਼ਹੂਰ ਤੇ ਭਾਰਤ ਦੇ ਮਹਾਨ ਅਥਲੀਟ ਮਿਲਖਾ ਸਿੰਘ (91) ਦਾ ਦਿਹਾਂਤ ਹੋ ਗਿਆ। ਉਹ ਬੀਤੇ ਇਕ ਮਹੀਨੇ ਤੋਂ ਕੋਰੋਨਾ ਨਾਲ ਜ਼ਿੰਦਗੀ ਤੇ ਮੌਤ ਦੀ ਜੰਗ ਲੜ ਰਹੇ ਸਨ, ਜਦੋਂਕਿ ਕੁੱਝ ਦਿਨ ਪਹਿਲਾਂ ਹੀ ਉਨ੍ਹਾਂ ਦੀ ਪਤਨੀ ਤੇ ਵਾਲੀਬਾਲ ਦੀ ਸਾਬਕਾ ਕੌਮੀ ਕਪਤਾਨ ਨਿਰਮਲ ਕੌਰ (85) ਦਾ ਵੀ ਕੋਰੋਨਾ ਕਾਰਨ ਦਿਹਾਂਤ ਹੋ ਗਿਆ ਸੀ। ਪਦਮ ਸ੍ਰੀ ਪੁਰਸਕਾਰ ਨਾਲ ਸਨਮਾਨਿਤ ਮਿਲਖਾ ਸਿੰਘ ਆਪਣੇ ਪਿੱਛੇ ਗੋਲਫਰ ਪੁੱਤਰ ਜੀਵ ਮਿਲਖਾ ਸਿੰਘ ਤੇ ਤਿੰਨ ਧੀਆਂ ਛੱਡ ਗਿਆ। ਚਾਰ ਵਾਰ ਦੀਆਂ ਏਸ਼ੀਅਨ ਖੇਡਾਂ ਦੇ ਸੋਨ ਤਗਮਾ ਜੇਤੂ ਤੇ 1958 ਦੀਆਂ ਰਾਸ਼ਟਰਮੰਡਲ ਖੇਡਾਂ ਦੇ ਚੈਂਪੀਅਨ ਦੀ ਸਭ ਤੋਂ ਯਾਦਗਾਰੀ ਪਲ 1960 ਦਾ ਰੋਮ ਉਲੰਪਿਕ ਦਾ 400 ਮੀਟਰ ਦੌੜ ਦਾ ਫਾਈਨਲ ਸੀ, ਜਿਥੇ ਉਹ ਲਗਪਗ ਅੱਧੀ ਦੌੜ (200 ਮੀਟਰ) ਤੱਕ ਅੱਗੇ ਸਨ ਪਰ ਦੌੜ ਖਤਮ ਹੋਣ ਤੱਕ ਉਹ 45.73 ਸਕਿੰਟ ਦੇ ਸਮੇਂ ਨਾਲ ਚੌਥੇ ਸਥਾਨ 'ਤੇ ਰਹੇ, ਜੋ ਕਿ 40 ਸਾਲ ਤੱਕ ਕੌਮੀ ਰਿਕਾਰਡ ਰਿਹਾ। ਉਹ ਭਾਰਤ ਦੇ ਇਕਲੌਤੇ ਅਥਲੀਟ ਹਨ, ਜਿਸ ਨੇ 400 ਮੀਟਰ 'ਚ ਏਸ਼ੀਅਨ ਤੇ ਰਾਸ਼ਟਰਮੰਡਲ ਖੇਡਾਂ 'ਚ ਸੋਨ ਤਗਮਾ ਜਿੱਤਿਆ ਹੈ। ਮਿਲਖਾ ਸਿੰਘ ਨੇ 1956, 1960 ਤੇ 1964 'ਚ ਉਲੰਪਿਕ 'ਚ ਭਾਰਤ ਦੀ ਨੁਮਾਇੰਦਗੀ ਕੀਤੀ, ਜਦੋਂਕਿ ਆਪ ਨੂੰ 1959 'ਚ ਪਦਮ ਸ੍ਰੀ ਨਾਲ ਨਿਵਾਜਿਆ ਗਿਆ।




## ਪਾਕਿ ਰਾਸ਼ਟਰਪਤੀ ਆਯੂਬ ਖ਼ਾਨ ਨੇ ਦਿੱਤਾ ਸੀ 'ਉੱਡਣਾ ਸਿੱਖ' ਦਾ ਨਾਂਅ

20 ਨਵੰਬਰ, 1929 ਨੂੰ ਗੋਵਿੰਦਪੁਰਾ (ਹੁਣ ਪਾਕਿਸਤਾਨ 'ਚ) ਇਕ ਸਿੱਖ ਪਰਿਵਾਰ 'ਚ ਮਿਲਖਾ ਸਿੰਘ ਦਾ ਜਨਮ ਹੋਇਆ ਸੀ। ਬਟਵਾਰੇ ਦੌਰਾਨ ਉਹ ਅਨਾਥ ਹੋ ਗਏ ਅਤੇ ਬਾਅਦ 'ਚ ਭਾਰਤੀ ਸੈਨਾ 'ਚ ਸ਼ਾਮਿਲ ਹੋਏ। ਚਾਰ ਵਾਰ ਏਸ਼ਿਆਈ ਖੇਡਾਂ 'ਚ ਸੋਨ ਤਗਮਾ ਜਿੱਤਣ ਵਾਲੇ ਅਤੇ 1958 ਰਾਸ਼ਟਰਮੰਡਲ ਖੇਡਾਂ ਦੇ ਚੈਂਪੀਅਨ ਮਿਲਖਾ ਸਿੰਘ ਨੂੰ ਪਹਿਲੀ ਵਾਰ 1960 'ਚ 'ਉੱਡਣਾ ਸਿੱਖ' ਕਿਹਾ ਗਿਆ। ਉਨ੍ਹਾਂ ਨੂੰ ਇਹ ਨਾਂਅ ਪਾਕਿਸਤਾਨ ਦੇ ਉਸ ਸਮੇਂ ਦੇ ਰਾਸ਼ਟਰਪਤੀ ਆਯੂਬ ਖ਼ਾਨ ਨੇ ਦਿੱਤਾ ਸੀ। 1960 'ਚ ਆਯੂਬ ਖ਼ਾਨ ਨੇ 'ਇੰਡੋ-ਪਾਕਿ ਸਪੋਰਟਸ ਮੀਟ' ਲਈ ਮਿਲਖਾ ਸਿੰਘ ਨੂੰ ਪਾਕਿਸਤਾਨ ਆਉਣ ਦਾ ਸੱਦਾ ਦਿੱਤਾ ਸੀ। ਹਾਲਾਂਕਿ ਮਿਲਖਾ ਸਿੰਘ ਬਚਪਨ 'ਚ ਬਟਵਾਰੇ ਕਰਕੇ ਜਿਸ ਦੇਸ਼ ਨੂੰ ਛੱਡ ਆਏ ਸੀ ਉਥੇ ਨਹੀਂ ਜਾਣਾ ਚਾਹੁੰਦੇ ਸੀ ਪਰ ਤਤਕਾਲੀਨ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਜ਼ੋਰ ਦੇਣ 'ਤੇ ਉਹ ਭਾਰਤੀ ਟੀਮ ਦੇ ਝੰਡਾਬਰਦਾਰ ਦੇ ਤੌਰ 'ਤੇ ਪਾਕਿਸਤਾਨ ਗਏ। ਇਥੇ ਮਿਲਖਾ ਸਿੰਘ ਨੇ 200 ਮੀਟਰ ਦੀ ਦੌੜ 'ਚ ਪਾਕਿਸਤਾਨ ਦੇ ਸੁਪਰ ਸਟਾਰ ਤੇ ਕੌਮੀ ਚੈਂਪੀਅਨ ਅਬਦੁਲ ਖ਼ਲੀਕ ਨੂੰ ਆਸਾਨੀ ਨਾਲ ਹਰਾ ਕੇ ਸੋਨ ਤਗਮਾ ਜਿੱਤਿਆ। ਇਨਾਮ ਵੰਡ ਸਮਾਰੋਹ ਦੌਰਾਨ ਆਯੂਬ ਖ਼ਾਨ ਨੇ ਮਿਲਖਾ ਸਿੰਘ ਨੂੰ ਪਹਿਲੀ ਵਾਰ 'ਉੱਡਣਾ ਸਿੱਖ' ਨਾਂਅ ਦਿੱਤਾ। ਮਿਲਖਾ ਸਿੰਘ ਨੇ 1958 ਰਾਸ਼ਟਰ ਮੰਡਲ ਖੇਡਾਂ 'ਚ ਟ੍ਰੈਕ ਐਂਡ ਫੀਲਡ ਮੁਕਾਬਲੇ 'ਚ ਭਾਰਤ ਲਈ ਪਹਿਲਾ ਸੋਨ ਤਗਮਾ ਜਿੱਤਿਆ ਸੀ। 56 ਸਾਲ ਤੱਕ ਇਹ ਰਿਕਾਰਡ ਕੋਈ ਨਹੀਂ ਤੋੜ ਸਕਿਆ ਸੀ। ਮਿਲਖਾ ਸਿੰਘ ਨੇ 1962 ਦੀਆਂ ਜਕਾਰਤਾ ਏਸ਼ਿਆਈ ਖੇਡਾਂ 'ਚ ਲਗਾਤਾਰ ਦੋ ਸੋਨ ਤਗਮੇ ਜਿੱਤੇ , ਉਨ੍ਹਾਂ ਨੇ 400 ਮੀਟਰ ਅਤੇ 400 ਮੀਟਰ ਰਿਲੇਅ ਦੌੜ 'ਚ ਸੋਨ ਤਗਮਾ ਜਿੱਤਿਆ ਸੀ। ਇਸ ਤੋਂ ਪਹਿਲਾਂ ਉਨ੍ਹਾਂ 1958 ਏਸ਼ਿਆਈ ਖੇਡਾਂ 'ਚ 200 ਤੇ 400 ਮੀਟਰ ਦੌੜ 'ਚ ਸੋਨ ਤਗਮੇ ਜਿੱਤੇ ਸਨ। ਹਾਲਾਂਕਿ ਮਿਲਖਾ ਸਿੰਘ ਦਾ ਸਰਬੋਤਮ ਪ੍ਰਦਰਸ਼ਨ 1960 ਦੀਆਂ ਰੋਮ ਉਲੰਪਿਕ 'ਚ ਰਿਹਾ ਭਾਵੇਂ ਉਹ ਕੋਈ ਤਗਮਾ ਨਹੀਂ ਜਿੱਤ ਸਕੇ ਪਰ ਉਨ੍ਹਾਂ ਨੇ 400 ਮੀਟਰ ਦੌੜ 45.6 ਸੈਕਿੰਡ 'ਚ ਪੂਰੀ ਕਰਕੇ ਚੌਥਾ ਸਥਾਨ ਹਾਸਲ ਕੀਤਾ ਸੀ। ਉਨ੍ਹਾਂ ਦੇ ਨਾਂਅ ਇਹ ਕੌਮੀ ਰਿਕਾਰਡ 38 ਸਾਲ ਤੱਕ ਰਿਹਾ। ਮਿਲਖਾ ਸਿੰਘ ਨੂੰ 1959 'ਚ ਪਦਮਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। 2001 'ਚ ਉਨ੍ਹਾਂ ਨੂੰ ਅਰਜੁਨ ਪੁਰਸਕਾਰ ਦਿੱਤੇ ਜਾਣ ਦਾ ਐਲਾਨ ਕੀਤਾ ਗਿਆ ਸੀ ਪਰ ਉਨ੍ਹਾਂ ਨੇ ਇਸ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਬਾਅਦ 'ਚ ਉਨ੍ਹਾਂ ਇਸ ਦੀ ਵਜ੍ਹਾ ਦੱਸਦਿਆਂ ਕਿਹਾ ਸੀ ਕਿ ਅੱਜ-ਕੱਲ੍ਹ ਪੁਰਸਕਾਰ ਮੰਦਰ 'ਚ ਪ੍ਰਸਾਦ ਦੀ ਤਰ੍ਹਾਂ ਵੰਡੇ ਜਾਂਦੇ ਹਨ। ਮੈਨੂੰ ਪਦਮਸ੍ਰੀ ਦੇ ਬਾਅਦ ਅਰਜੁਨ ਪੁਰਸਕਾਰ ਲਈ ਚੁਣਿਆ ਗਿਆ। 2018 'ਚ 4 ਮਾਰਚ ਨੂੰ ਪੰਜਾਬ ਯੂਨੀਵਰਸਿਟੀ 'ਚ ਹੋਏ ਇਕ ਸਮਾਰੋਹ ਦੌਰਾਨ ਮਿਲਖਾ ਸਿੰਘ ਨੂੰ ਖੇਲ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਬਾਲੀਵੁੱਡ 'ਚ ਉਨ੍ਹਾਂ ਦੀ ਜੀਵਨੀ 'ਤੇ ਇਕ ਫ਼ਿਲਮ 'ਭਾਗ ਮਿਲਖਾ ਭਾਗ' ਵੀ ਬਣਾਈ ਗਈ, ਜਿਸ 'ਚ ਮਿਲਖਾ ਸਿੰਘ ਦੀ ਭੂਮਿਕਾ ਅਦਾਕਾਰ ਫ਼ਰਹਾਨ ਅਖ਼ਤਰ ਨੇ ਬਾਖ਼ੂਬੀ ਨਿਭਾਈ ਸੀ।



WANT TO BUY / SELL?
Tejinder S. Bansal
REALTOR
604.671.5783
Email: tbansal@msn.com
MULTIPLE REALTY LTD.
Multiple Realty Ltd.
768 Kingsway, Vancouver
TEL: 604-434-1431
www.multiplerealty.com

5137 CALVERT DR, DELTA



Beautiful in and outside totally remodelled. 3 bedroom, 2 Bathroom Rancher. 66'x102' lot in a very desirable area.
ASKING ONLY
$1,049,000

6340 BUSWELL ST, RICHMOND




Top floor, Corner unit,
2 Bedroom 2 Bathroom, Prime Location,
Short walk to Richmond Sky Train, Rental OK

COMING SOON !!
Industrial Warehouse in Richmond Near No. 6 Road on 1999 Savage. Call for more info.

ਖਿਆੜਾ ਬਲਿਊਬੇਰੀ ਫਾਰਮ ਵਾਲਿਆਂ ਨੂੰ ਬਲਿਊਬੇਰੀ ਤੋੜਨ ਵਾਲੇ

ਵਰਕਰਾਂ ਦੀ ਸਖਤ ਜ਼ਰੂਰਤ

ਖਿਆੜਾ ਬਲਿਊ ਬੇਰੀ ਫਾਰਮ ਵਾਲਿਆਂ ਨੂੰ ਬੇਰੀ ਤੋੜਨ ਲਈ ਪਿੱਕਰਾਂ ਦੀ ਸਖਤ ਜ਼ਰੂਰਤ ਹੈ। ਬਹੁਤ ਹੀ ਵਧੀਆ ਰੇਟ ਦਿੱਤਾ ਜਾਵੇਗਾ। ਘਰੋਂ ਚੁੱਕਣ ਅਤੇ ਛੱਡਣ ਲਈ ਰਾਈਡ ਦਾ ਪੂਰਾ ਪ੍ਰਬੰਧ ਹੈ। ਤਨਖਾਹ ਹਰ ਦੋ ਹਫਤੇ ਬਾਦ ਦਿੱਤੀ ਜਾਵੇਗੀ।



ਸਾਨੂੰ ਕਲਾਸਵੰਨ ਅਤੇ ਕਲਾਸ 4 ਡਰਾਈਵਰਾਂ ਦੀ ਵੀ ਸਖਤ ਜ਼ਰੂਰਤ ਹੈ।

ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ

ਕੈਨੇਡਾ ਦੇ ਕਿਸੇ ਵੀ ਹਿੱਸੇ ਤੋਂ ਸਾਡੇ ਕੋਲ ਆ ਸਕਦੇ ਹੋ। ਰਿਹਾਇਸ਼ ਦਾ ਪੂਰਾ ਪੂਰਾ ਪ੍ਰਬੰਧ ਹੈ।

ਹੋਰ ਜਾਣਕਾਰੀ ਲਈ ਫੋਨ ਕਰੋ

ਰਾਈਡ ਲੈਣ ਲਈ ਫੋਨ ਕਰੋ
ਸਾਬੀ :604-805-9820

ਕੈਬਨਿ ਆਦਿ ਲਈ ਫੋਨ ਕਰੋ
ਨਰਿੰਦਰ :778-867-6597

ਦਫਤਰ/ਪੇਅਰੋਲ ਲਈ ਫੋਨ ਕਰੋ
ਰਾਇਨ :236-332-5459

NORTHCOAST LUMBER 1

CALL THE TRUE CONTRACTORS YARD TODAY
604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

# 2022 ਚੋਣਾਂ : ਵੱਖ-ਵੱਖ ਪਾਰਟੀਆਂ ਦੀ ਸਥਿਤੀ


2022 ਦੀਆਂ ਪੰਜਾਬ ਚੋਣਾਂ ਫਰਵਰੀ ਜਾਂ ਮਾਰਚ ਵਿਚ ਹੋਣਗੀਆਂ। ਕੇਵਲ 8 ਮਹੀਨੇ ਬਾਕੀ ਹਨ। ਭਾਵੇਂ ਮੀਡੀਆ ਦਾ ਬਹੁਤਾ ਧਿਆਨ ਕੋਰੋਨਾ ਸੰਕਟ ਵੱਲ ਲੱਗਾ ਹੋਇਆ ਹੈ, ਫਿਰ ਵੀ ਇਨ੍ਹਾਂ ਚੋਣਾਂ ਦੇ ਪ੍ਰਸੰਗ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਦੀ ਸਥਿਤੀ ਸੰਬੰਧੀ ਚਰਚਾ ਚੱਲਦੀ ਹੀ ਰਹਿੰਦੀ ਹੈ। ਪੰਜਾਬੀ ਚੈਨਲ ਵੱਖ-ਵੱਖ ਪਾਰਟੀਆਂ ਦੀਆਂ ਸਰਗਰਮੀਆਂ ਦਾ ਜ਼ਿਕਰ ਕਰਦੇ ਰਹਿੰਦੇ ਹਨ। ਪ੍ਰਸ਼ਾਂਤ ਕਿਸ਼ੋਰ ਅਤੇ ਮੁੱਖ ਮੰਤਰੀ ਦੀਆਂ ਚੋਣ-ਗਤੀਵਿਧੀਆਂ ਕਾਰਨ ਟੈਲੀਵਿਜ਼ਨ 'ਤੇ ਇਹ ਚਰਚਾ ਹੋਰ ਤੇਜ਼ ਹੋ ਗਈ ਹੈ। ਪੰਜਾਬ ਦੇ ਵਧੇਰੇ ਲੋਕ ਸਾਰੀਆਂ ਰਾਜਨੀਤਕ ਪਾਰਟੀਆਂ ਤੋਂ ਨਿਰਾਸ਼ ਤੇ ਨਰਾਜ਼ ਹਨ। ਕਾਂਗਰਸ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਈ ਸਾਲਾਂ ਤੋਂ ਰਾਜ ਕਰ ਰਹੀ ਹੈ। ਗਹੁ ਨਾਲ ਵੇਖੀਏ ਤਾਂ ਮੁੱਖ ਮੰਤਰੀ ਨੇ ਕੁਝ ਮਹੀਨਿਆਂ ਤੋਂ ਚੋਣ-ਸਰਗਰਮੀਆਂ ਵਿੱਢੀਆਂ ਹੋਈਆਂ ਹਨ। ਆਪਣੀ ਸਰਕਾਰ ਦੇ ਕੰਮ ਅਤੇ ਪ੍ਰਾਪਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵੱਡੀ ਇਸ਼ਤਿਹਾਰ ਮੁਹਿੰਮ ਆਰੰਭੀ ਗਈ ਹੈ। ਅਜਿਹੇ ਇਸ਼ਤਿਹਾਰ ਖੇਤਰੀ ਤੇ ਕੌਮੀ ਚੈਨਲਾਂ 'ਤੇ ਰੋਜ਼ਾਨਾ ਵੇਖੇ ਜਾ ਸਕਦੇ ਹਨ। ਅਖ਼ਬਾਰਾਂ ਦੇ ਪੰਨਿਆਂ 'ਤੇ ਵੀ ਇਹ ਮੁਹਿੰਮ ਸਪਸ਼ਟ ਨਜ਼ਰ ਆਉਂਦੀ ਹੈ। ਮੈਂ ਜਲੰਧਰ ਦੇ ਜਿਹੜੇ ਰਸਤਿਆਂ ਤੋਂ ਅਕਸਰ ਲੰਘਦਾ ਹਾਂ। ਉਥੇ ਚੌਕ-ਚੁਰਾਹਿਆਂ 'ਤੇ ਵੱਡੇ ਆਕਾਰ ਦੇ ਇਸ਼ਤਿਹਾਰੀ ਬੋਰਡ ਲੱਗੇ ਹੁੰਦੇ ਹਨ। ਜਿਨ੍ਹਾਂ 'ਤੇ ਮੁੱਖ ਮੰਤਰੀ ਦੀ ਵੱਡੇ ਆਕਾਰ ਦੀ ਤਸਵੀਰ ਨਾਲ ਕੁਝ ਵੇਰਵਾ, ਕੁਝ ਜਾਣਕਾਰੀ ਦਿੱਤੀ ਹੁੰਦੀ ਹੈ। ਉਹ ਵੇਰਵਾ, ਉਹ ਜਾਣਕਾਰੀ, ਉਹ ਤਸਵੀਰ ਕੁਝ ਦਿਨਾਂ ਬਾਅਦ ਬਦਲ ਜਾਂਦੀ ਹੈ। ਸੁਭਾਵਕ ਹੈ ਅਜਿਹਾ ਹਰੇਕ ਸ਼ਹਿਰ, ਹਰੇਕ ਕਸਬੇ, ਪੰਜਾਬ ਦੇ ਹਰੇਕ ਹਿੱਸੇ ਵਿਚ ਕੀਤਾ ਜਾ ਰਿਹਾ ਹੋਵੇਗਾ। ਇਹ ਪੀਕੇ ਦੀ ਯੋਜਨਾਬੰਦੀ ਦਾ ਹਿੱਸਾ ਹੈ। ਇਹ ਗੱਲ ਵੱਖਰੀ ਹੈ ਕਿ ਪੰਜਾਬ ਕਾਂਗਰਸ ਦੀ ਅੰਦਰੂਨੀ ਖਿਚੋਤਾਣ ਇਸ ਵੇਲੇ ਸਿਖ਼ਰ 'ਤੇ ਹੈ। ਪੰਜਾਬੀ ਭਾਈਚਾਰਾ ਇਸ ਖਿਚੋਤਾਣ ਨੂੰ ਬੜੀ ਰੀਝ ਨਾਲ ਵੇਖ ਰਿਹਾ ਹੈ। ਕੁਰਸੀ ਲਈ ਕਿਹੜਾ-ਕਿਹੜਾ ਨੇਤਾ ਕੀ-ਕੀ ਕਰ ਰਿਹਾ ਹੈ। ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਤੋਂ ਕੁਝ ਵਰਗ ਖੁਸ਼ ਹਨ, ਕੁਝ ਨਿਰਾਸ਼ ਹਨ। ਚੋਣਾਂ ਦੌਰਾਨ ਕਾਂਗਰਸ ਨੂੰ ਅਜਿਹਾ ਹੀ ਹੁੰਗਾਰਾ ਮਿਲਣ ਦੀ ਆਸ ਹੈ। ਕਿਸਾਨ ਅੰਦੋਲਨ ਦੇ ਪ੍ਰਸੰਗ ਵਿਚ ਭਾਜਪਾ ਤੋਂ ਨਾਤਾ ਤੋੜ ਲੈਣ ਵਾਲੇ ਅਕਾਲੀ ਦਲ ਦੀਆਂ ਮੁਸ਼ਕਲਾਂ ਅਜੇ ਘਟੀਆਂ ਨਹੀਂ ਹਨ। ਬੀਤੇ ਸਾਲ, ਡੇਢ ਸਾਲ ਦੌਰਾਨ ਭਾਵੇਂ ਉਸਨੇ ਲੋਕਾਂ ਦਾ ਦਿਲ ਜਿੱਤਣ ਲਈ ਸਿਰਤੋੜ ਯਤਨ ਕੀਤੇ ਹਨ। ਕੋਈ ਵੀ ਮੌਕਾ ਅਜਾਈਂ ਨਹੀਂ ਜਾਣ ਦਿੱਤਾ। ਵੱਡੇ ਤੇ ਸਖ਼ਤ ਫੈਸਲੇ ਲਏ। ਪਰੰਤੂ ਲੰਮਾ ਸਮਾਂ ਪੰਜਾਬ 'ਤੇ ਰਾਜ ਕਰਦਿਆਂ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਨਾ ਉੱਤਰਨਾ ਅਤੇ ਪੰਜਾਬ ਦਾ ਤਰੱਕੀ ਦੀ ਥਾਂ ਨਿਘਾਰ ਵੱਲ ਖਿਸਕਦੇ ਜਾਣਾ ਲੋਕਾਂ ਦੇ ਚੇਤਿਆਂ 'ਚੋਂ ਨਹੀਂ ਨਿਕਲ ਰਿਹਾ। ਪੰਜਾਬ 'ਤੇ ਰਾਜ ਕਰਨ ਦੇ ਅਕਾਲੀ ਦਲ ਤੇ ਕਾਂਗਰਸ ਨੂੰ ਅਨੇਕਾਂ ਮੌਕੇ ਮਿਲੇ ਹਨ ਪਰੰਤੂ ਪੰਜਾਬ ਅਤੇ ਪੰਜਾਬੀਆਂ ਦੇ ਬੁਨਿਆਦੀ ਮਸਲੇ ਜਿਉਂ ਦੇ ਤਿਉਂ ਖੜੇ ਹਨ। ਬਲਕਿ ਸਮੇਂ ਨਾਲ ਹੋਰ ਗੰਭੀਰ ਸ਼ਕਲ ਅਖ਼ਤਿਆਰ ਕਰ ਗਏ ਹਨ। ਸਭ ਨੇ ਵੋਟ-ਰਾਜਨੀਤੀ ਨੂੰ ਤਰਜੀਹ ਦਿੱਤੀ ਹੈ। ਅਕਾਲੀ ਦਲ ਇਸੇ ਵੋਟ-ਰਾਜਨੀਤੀ ਦੇ ਨਤੀਜੇ ਭੁਗਤ ਰਿਹਾ ਹੈ। ਇਮਾਨਦਾਰੀ ਨਾਲ ਸੂਬੇ ਅਤੇ ਸੂਬੇ ਦੇ ਲੋਕਾਂ ਲਈ ਕੰਮ ਕੀਤਾ ਜਾਵੇ ਤਾਂ ਲੋਕ ਵਾਰ-ਵਾਰ ਵੋਟਾਂ ਪਾਉਂਦੇ ਹਨ, ਜਿਤਾਉਂਦੇ ਹਨ, ਦੇਸ਼ ਅੰਦਰ ਅਜਿਹੀਆਂ ਉਦਾਹਰਨਾਂ ਮੌਜੂਦ ਹਨ। ਤਾਜ਼ਾ ਉਦਾਹਰਨ ਬੰਗਾਲ ਦੀ ਹੈ। ਅਕਾਲੀ ਦਲ ਅਤੇ ਕਾਂਗਰਸ ਨੇ ਜੇ ਸਹੀ ਤੇ ਸਾਰਥਕ ਨੀਤੀਆਂ ਬਣਾਈਆਂ ਹੁੰਦੀਆਂ ਤਾਂ ਅੱਜ ਪੰਜਾਬ ਦਾ ਖਜ਼ਾਨਾ ਖਾਲੀ ਨਾ ਹੁੰਦਾ, ਪਾਣੀ ਖ਼ਤਰਨਾਕ ਹੱਦ ਤੱਕ ਹੇਠਾਂ ਨਾ ਜਾਂਦਾ, ਕਿਸਾਨ-ਸੰਕਟ ਏਨਾ ਗਹਿਰਾ ਨਾ ਹੁੰਦਾ, ਨੌਜਵਾਨਾਂ ਨੂੰ ਬੇਰੁਜ਼ਗਾਰੀ ਦੀ ਵੱਡੀ ਮਾਰ ਨਾ ਪੈਂਦੀ, ਪੰਜਾਬ ਦਾ ਵਾਤਾਵਰਨ ਪਲੀਤ ਨਾ ਹੁੰਦਾ, ਪੰਜਾਬੀ ਨਸ਼ਿਆਂ ਤੇ ਬਿਮਾਰੀਆਂ ਵਿਚ ਨਾ ਗਰਕਦਾ, ਹਰ ਕੋਈ ਵਿਦੇਸ਼ਾਂ ਨੂੰ ਭੱਜਣ ਦੀਆਂ ਤਿਆਰੀਆਂ ਨਾ ਕਰਦਾ, ਪੰਜਾਬ ਦੇ ਖੁਸ਼ਹਾਲ ਭਵਿੱਖ 'ਤੇ ਸਵਾਲੀਆ ਚਿੰਨ੍ਹ ਨਾ ਲੱਗਦਾ। ਆਮ ਆਦਮੀ ਪਾਰਟੀ ਇਕ ਸੁਨਿਹਰੀ ਮੌਕਾ ਗਵਾਉਣ ਤੋਂ ਬਾਅਦ ਸੰਭਲ ਨਹੀਂ ਸਕੀ। ਵੱਡੀ ਗਿਣਤੀ ਵਿੱਚ ਲੋਕਾਂ ਨੇ, ਪਰਵਾਸੀ ਪੰਜਾਬੀਆਂ ਨੇ, ਇਸਨੂੰ ਹੁੰਗਾਰਾ ਤੇ ਹੁਲਾਰਾ ਦਿੱਤਾ ਪਰੰਤੂ ਇਸਦੀ ਲੀਡਰਸ਼ਿਪ ਉਸ ਹੁੰਗਾਰੇ ਤੇ ਹੁਲਾਰੇ ਨੂੰ ਸਮਝ ਤੇ ਸੰਭਲ ਨਹੀਂ ਸਕੀ। ਆਮ ਆਦਮੀ ਪਾਰਟੀ ਦੇ ਪਸੰਗ ਵਿਚ ਲੋਕ ਵੇਖਦੇ ਹਨ ਕਿ ਸਰਕਾਰ ਕਿਸਨੇ ਚਲਾਉਣੀ ਹੈ। ਮੁੱਖ ਮੰਤਰੀ ਕੌਣ ਹੋਵੇਗਾ। ਟੀਮ ਵਿਚ ਕੌਣ-ਕੌਣ ਸ਼ਾਮਲ ਹੈ। ਪੰਜਾਬ ਲਈ, ਲੋਕਾਂ ਲਈ ਪਾਰਟੀ ਕੀ ਕਰੇਗੀ। ਇਥੇ ਇਹ ਪਾਰਟੀ ਮਾਰ ਖਾ ਰਹੀ ਹੈ। ਮੁੱਖ ਮੰਤਰੀ ਚਿਹਰਾ ਨਹੀਂ ਹੈ। ਵੱਡੀ ਵਿਸ਼ਾਲ ਟੀਮ ਨਹੀਂ ਹੈ। ਪੰਜਾਬ ਦੇ ਸਾਰੇ ਇਲਾਕਿਆਂ ਵਿਚ ਪ੍ਰਭਾਵ ਨਹੀਂ ਹੈ। ਇਕੱਲਾ ਭਗਵੰਤ ਮਾਨ ਹੀ ਬੋਲਦਾ, ਮੁਕਾਬਲਾ ਕਰਦਾ ਨਜ਼ਰ ਆਉਂਦਾ ਹੈ। ਆਮ ਆਦਮੀ ਪਾਰਟੀ, ਕਾਂਗਰਸ ਅਤੇ ਅਕਾਲੀ ਦਲ ਦੀ ਨੁਕਤਾਚੀਨੀ ਕਰਕੇ ਹੀ ਜਿੱਤ ਨਹੀਂ ਸਕਦੀ। ਉਸਨੂੰ ਦੱਸਣਾ ਪਵੇਗਾ ਕਿ ਪੰਜਾਬ ਪ੍ਰਤੀ, ਪੰਜਾਬ ਦੇ ਲੋਕਾਂ ਪ੍ਰਤੀ, ਪੰਜਾਬ ਦੀਆਂ ਸਮੱਸਿਆਵਾਂ ਪ੍ਰਤੀ ਉਨ੍ਹਾਂ ਦੀ ਕੀ ਸੋਚ, ਕੀ ਨੀਤੀ ਹੈ। ਜੇ ਪਾਰਟੀ ਜਿੱਤਦੀ ਹੈ ਤਾਂ ਤਰਜੀਹੀ ਅਧਾਰ 'ਤੇ ਕਿਹੜੇ ਕਦਮ ਚੁੱਕੇਗੀ, ਕਿਹੜੇ ਕੰਮ ਕਰੇਗੀ। ਵੱਖ-ਵੱਖ ਸਿਆਸੀ ਪਾਰਟੀਆਂ ਦੀ ਲੜਾਈ, ਖਿਚੋਤਾਣ, ਤਿੱਖੀ ਬਿਆਨਬਾਜ਼ੀ ਨਾਲ ਸੂਬੇ ਦਾ ਨੁਕਸਾਨ ਹੁੰਦਾ ਹੈ। ਲੋਕਾਂ ਨੂੰ ਤਣਾਅ ਤੇ ਪ੍ਰੇਸ਼ਾਨੀ 'ਚੋਂ ਲੰਘਣਾ ਪੈਂਦਾ ਹੈ। ਸਿਆਸੀ ਨੇਤਾ ਸੋਚਦੇ ਹਨ ਕਿ ਉੱਚੀ ਸੁਰ ਵਿਚ ਦੂਸਰੇ ਨੂੰ ਬੁਰਾ ਭਲਾ ਕਹਿਣ ਵਿਚ ਹੀ ਉਨ੍ਹਾਂ ਦੀ ਜਿੱਤ ਹੈ। ਅਜਿਹਾ ਨਹੀਂ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਕਦੇ ਉੱਚੀ ਸੁਰ ਵਿਚ ਨਹੀਂ ਸਨ ਬੋਲਦੇ। ਪਰ ਬੋਲਦੇ ਨਿੱਗਰ ਸਨ। ਆਖ਼ਰਕਾਰ ਕਦਰ ਤੁਹਾਡੇ ਕਿਰਦਾਰ, ਤੁਹਾਡੇ ਵਿਚਾਰਾਂ ਦੀ ਪੈਣੀ ਹੈ। ਭਾਜਪਾ, ਬਸਪਾ ਅਤੇ ਕਮਿਊਨਿਸਟ ਪਾਰਟੀਆਂ ਕੋਲ ਆਪਣੀ ਪੱਕੀ ਵੋਟ ਤਾਂ ਹੈ ਪਰ ਸਾਨ੍ਹਾਂ ਦੇ ਭੇੜ ਵਿਚ ਇਹ ਪਛੜ ਜਾਂਦੀਆਂ ਹਨ। ਅਕਾਲੀ ਦਲ ਸੰਯੁਕਤ ਦੀ ਸਥਿਤੀ ਵੀ ਇਹੀ ਹੈ। ਜਿਹੜੀ ਪਾਰਟੀ ਇਕੱਲਿਆਂ ਜਿੱਤਣ ਦੀ ਹਾਲਤ ਵਿਚ ਨਹੀਂ ਹੈ। ਉਸਨੂੰ ਗੱਠਜੋੜ ਦਾ ਮਹੱਤਵ ਸਮਝ ਲੈਣਾ ਚਾਹੀਦਾ ਹੈ। ਅਕਾਲੀ-ਭਾਜਪਾ ਨੇ ਗੱਠਜੋੜ ਸਦਕਾ ਹੀ ਲੰਮਾ ਸਮਾਂ ਸਰਕਾਰ ਬਣਾਈ ਹੈ।



ਪ੍ਰੋ: ਕੁਲਬੀਰ ਸਿੰਘ
9417153513

2022 ਦੀਆਂ ਚੋਣਾਂ ਵਿਚ ਕਿਸੇ ਵੀ ਪਾਰਟੀ ਦੀ ਸਪਸ਼ਟ ਤੇ ਸੁਖਾਲੀ ਜਿੱਤ ਨਜ਼ਰ ਨਹੀਂ ਆ ਰਹੀ। ਇਨ੍ਹਾਂ ਚੋਣਾਂ ਵਿਚ ਇਕ ਪਾਸੇ ਗੱਠਜੋੜ ਦੀ ਅਹਿਮ ਭੂਮਿਕਾ ਰਹੇਗੀ ਦੂਸਰੇ ਪਾਸੇ ਨਤੀਜੇ, ਤਿਕੋਨੇ ਜਾਂ ਚਾਰ ਕੋਨੇ ਮੁਕਾਬਲਿਆਂ 'ਤੇ ਨਿਰਭਰ ਕਰਨਗੇ। ਜੇਕਰ ਅਕਾਲੀ ਦਲ ਸੰਯੁਕਤ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰ ਖੜੇ ਕਰਦੀ ਹੈ ਤਾਂ ਇਹ ਸਿੱਧੇ ਤੌਰ 'ਤੇ ਅਕਾਲੀ ਦਲ (ਬਾਦਲ) ਦਾ ਨੁਕਸਾਨ ਕਰੇਗੀ। ਕੋਰੋਨਾ ਸੰਕਟ ਦੇ ਚੱਲਦਿਆਂ ਕੋਈ ਵੀ ਪਾਰਟੀ ਵਿਧੀਬਦ ਢੰਗ ਨਾਲ ਸਰਗਰਮੀਆਂ ਕਰਨ ਵਿਚ ਸਫ਼ਲ ਨਹੀਂ ਹੋ ਰਹੀ। ਇਸਦਾ ਲਾਹਾ ਕਾਂਗਰਸ ਲੈ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੁਆਰਾ ਸੁਚੇਤ ਪੱਧਰ 'ਤੇ ਮੀਡੀਆ ਰਾਹੀਂ ਚੋਣ-ਮੁਹਿੰਮ ਚਲਾਈ ਜਾ ਰਹੀ ਹੈ। ਜਿਸ ਵਿਚ ਆਉਂਦੇ ਮਹੀਨਿਆਂ ਦੌਰਾਨ ਹੋਰ ਤੇਜ਼ੀ ਵੇਖਣ ਨੂੰ ਮਿਲੇਗੀ। ਸਿਆਸੀ ਪਾਰਟੀਆਂ ਵਧੇਰੇ ਕਰਕੇ ਜਾਤ-ਪਾਤ ਦੀ ਰਾਜਨੀਤੀ ਖੇਡਦੀਆਂ ਹਨ ਪਰੰਤੂ ਸਰਕਾਰ ਉਸੇ ਪਾਰਟੀ ਦੀ ਬਣਦੀ ਹੈ ਜਿਸਨੂੰ ਸਾਰੇ ਵਰਗ ਵੋਟ ਪਾਉਂਦੇ ਹਨ।

EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515



Dr. Anjanpal Kaur Bhalla

AMA CONCRETE
Commercial & Residential
- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.



Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates
Daljit Singh
778-549-3605
E: singh.mand@icloud.com



# ਸ਼ੋਰ ਸਾਈਡ ਫਿਸ਼ ਕੈਨਰੀ

**Students can also apply**
ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ



**Forklift drivers needed**
ਫੌਰਕਲਿਫਟ ਡਰਾਈਵਰਾਂ ਦੀ ਲੋੜ ਹੈ।

## ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
## ਲੜਕੇ ਅਤੇ ਲੜਕੀਆਂ ਦੀ ਸਖਤ ਜ਼ਰੂਰਤ

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ

ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ

ਕਲਾਸ 4 ਦੇ ਡਰਾਈਵਰਾਂ ਦੀ ਲੋੜ ਹੈ।

ਕੰਮ ਤੇ ਹੁਣੇ ਜਾਣ ਲਈ ਫੋਨ ਕਰੋ:

**Ph: 604-244-1118**

**Fax: 604-270-3075**



# .ਗਜ਼ਲ ਮੰਚ ਸਰੀ ਦੇ ਸ਼ਾਇਰਾਂ ਨੇ ਸਜਾਈ ਸ਼ਾਇਰੀ ਦੀ ਮਹਿ.ਫਿਲ

ਸਰੀ (ਹਰਦਮ ਮਾਨ)-ਗ਼ਜ਼ਲ ਮੰਚ ਸਰੀ ਦੇ ਸ਼ਾਇਰਾਂ ਨੇ ਬੀਸੀ ਵਿਚ ਕੋਰੋਨਾ ਪਾਬੰਦੀਆਂ ਵਿਚ ਦਿੱਤੀ ਕੁਝ ਢਿੱਲ ਨੂੰ ਖ਼ੁਸ਼-ਆਮਦੀਦ ਕਹਿੰਦਿਆਂ ਨੌਜਵਾਨ ਸ਼ਾਇਰ ਦਵਿੰਦਰ ਗੌਤਮ ਦੇ ਬੈਕ-ਯਾਰਡ ਵਿਚ ਸ਼ਾਇਰੀ ਦੀ ਮਹਿਫ਼ਿਲ ਸਜਾਈ ਅਤੇ ਲੱਗਭੱਗ ਸਵਾ ਸਾਲ ਬਾਅਦ ਇਕ ਦੂਜੇ ਦੇ ਰੂਬਰੂ ਹੋ ਕੇ ਪੰਜਾਬੀ ਸਾਹਿਤ ਅਤੇ ਪੰਜਾਬੀ ਸ਼ਾਇਰੀ ਬਾਰੇ ਚਰਚਾ ਕੀਤੀ।

ਇਸ ਮੌਕੇ ਰਾਜਵੰਤ ਰਾਜ ਦੇ ਤਾਜ਼ਾ ਗ਼ਜ਼ਲ ਸੰਗ੍ਰਹਿ ਟੁੱਟੇ ਸਿਤਾਰੇ ਚੁਗਦਿਆਂ ਨੂੰ ਜੀ ਆਇਆਂ ਆਖਦਿਆਂ ਰਾਜਵੰਤ ਨੂੰ ਮੁਬਾਰਕਬਾਦ ਦਿੱਤੀ ਗਈ ਅਤੇ ਆਉਣ ਵਾਲੇ ਦਿਨਾ ਵਿਚ ਇਸ ਗਜ਼ਲ ਸੰਗ੍ਰਹਿ ਤੋਂ ਇਲਾਵਾ ਦਵਿੰਦਰ ਗੌਤਮ ਦੇ ਗ਼ਜ਼ਲ ਸੰਗ੍ਰਹਿ ਅਤੇ ਪ੍ਰੀਤ ਮਨਪ੍ਰੀਤ ਦੇ ਗ਼ਜ਼ਲ ਸੰਗ੍ਰਹਿ ਰੁੱਤਾਂ, ਦਿਲ ਤੇ ਸੁਪਨੇ ਉਪਰ ਵਿਚਾਰ ਚਰਚਾ ਕਰਵਾਉਣ ਅਤੇ ਮੰਚ ਦਾ ਸਾਲਾਨਾ ਮੁਸ਼ਾਇਰਾ ਕਰਵਾਉਣ ਲਈ ਪ੍ਰੋਗਰਾਮ ਉਲੀਕਿਆ ਗਿਆ।

ਕਾਵਿਕ ਦੌਰ ਦਾ ਆਗਾਜ਼ ਇੰਦਰਜੀਤ ਧਾਮੀ ਦੀ ਖ਼ੂਬਸੂਰਤ ਕਵਿਤਾ "ਉਸ ਕੁੜੀ ਦੀ ਸ਼ਾਮ ਮੇਰੇ ਨਾਮ ਕਰਦੇ ਐ ਖ਼ੁਦਾ!" ਨਾਲ ਹੋਇਆ। ਫਿਰ ਕਵਿੰਦਰ ਚਾਂਦ ਨੇ ਬਹੁਤ ਹੀ ਪਿਆਰੀ ਗ਼ਜ਼ਲ ਕਹੀ, ਜਿਸ ਦਾ ਇਕ ਸ਼ਿਅਰ ਸੀ-

"ਮੇਰੇ ਅੰਦਰ ਸੀ ਉੱਠਦੇ ਵਾ-ਵਰੋਲੇ, ਮੈਂ ਖ਼ੁਦ ਆਪਣੇ ਪੰਨੇ ਫਰੋਲੇ

ਬੜਾ ਕੁਝ ਨਿਕਲਿਆ ਹੈ ਮਾਣਮੱਤਾ, ਬੜਾ ਕੁਛ ਬੇ-ਜ਼ਮੀਰਾ ਨਿਕਲਿਆ ਹੈ"

ਫਿਰ ਗੁਰਮੀਤ ਸਿੱਧੂ ਨੇ ਆਪਣੀ ਗ਼ਜ਼ਲ ਰਾਹੀਂ ਸ਼ੁਕਰੀਆ ਦੇ ਵੱਖ ਵੱਖ ਪੱਖਾਂ ਨੂੰ ਉਜਾਗਰ ਕੀਤਾ। ਉਸ ਦਾ ਕਹਿਣਾ ਸੀ-

"ਸ਼ੁਕਰੀਆ ਜੇ ਰਮਜ਼ ਹੈ, ਇਕ ਸਮਝ ਹੈ ਤੇ ਰਸਮ ਨਹੀਂ

ਫੇਰ ਨਾ-ਸ਼ੁਕਰੇ ਤੋਂ ਕਿਉਂ ਹੈ ਤਿਲਮਲਾਂਦਾ ਸ਼ੁਕਰੀਆ।"

ਪ੍ਰੀਤ ਮਨਪ੍ਰੀਤ ਨੇ ਵੀ ਦਿਲ ਟੁੰਬਵੀਂ ਗ਼ਜ਼ਲ ਰਾਹੀਂ ਵਾਹਵਾ ਖੱਟੀ। ਉਸ ਦਾ ਪਿਆਰਾ ਅੰਦਾਜ਼ ਸੀ ਕਿ-

"ਅਜੇ ਤੱਕ ਔੜ ਨਾ ਮੁੱਕੀ ਦਿਲਾਂ ਚੋਂ, ਇਹ ਜੰਗਲ ਰਿਸ਼ਤਿਆਂ ਦਾ ਸੁੱਕ ਗਿਆ ਏ

ਝਨਾਂ ਦੇ ਪਾਣੀਆਂ ਤੇ ਆਸ਼ਕਾਂ ਦਾ ਜਿਵੇਂ ਜਨਮਾਂ ਦਾ ਰਿਸ਼ਤਾ ਮੁੱਕ ਗਿਆ ਏ"

ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਵੀ ਆਪਣੇ ਉਸਤਾਦੀ ਰੰਗ ਵਿਚ ਹਾਜਰ ਹੋਏ। ਉਨ੍ਹਾਂ ਦੇ ਬੋਲ ਸਨ-

"ਮੇਰਾ ਦਿਲ ਚਾਹ ਰਿਹਾ ਸੱਚੇ ਗੁਰੂ ਦੇ ਰੂਬਰੂ ਹੋਣਾ ਗੁਰੂ ਦੇ ਅੱਗਿ ? ਥੋੜ੍ਹਾ ਕੁ ਚਿਰ ਗੋਲਕ ਉਠਾ ਲੈਂਦੇ।"

ਫਿਰ ਵਾਰੀ ਆਈ ਰਾਜਵੰਤ ਰਾਜ। ਰਾਜ ਨੇ ਬਹੁਤ ਹੀ ਪਿਆਰੀ ਗ਼ਜ਼ਲ ਰਾਹੀਂ ਇਸ ਮਹਿਫ਼ਿਲ ਨੂੰ ਸ਼ਿੰਗਾਰਿਆ। ਉਸ ਦਾ ਇਕ ਪਿਆਰਾ ਸ਼ਿਅਰ ਸੀ-

"ਕਿੰਨੀ ਸਿਰੇ ਦੀ ਤਰਕਬਾਜ਼ੀ ਕਰ ਗਿਆ, ਹਰ ਥਾਂ ਮਸੀਹਾ ਜ਼ਾਲਸਾਜ਼ੀ ਕਰ ਗਿਆ

ਜਿੱਥੇ ਕਿਤੇ ਵੀ ਪੈਰ ਪਾਏ ?ਸ ਨੇ, ਵਸਦੇ ਨਗਰ ਵੀਰਾਨ ਹੋ ਕੇ ਰਹਿ ਗਏ।"

ਦਵਿੰਦਰ ਗੌਤਮ ਤਰੰਨਮ ਵਿਚ ਪੇਸ਼ ਹੋਇਆ। ਉਸ ਦੀ ਸ਼ਾਇਰੀ ਦਾ ਰੰਗ ਸੀ-

"ਕੀ ਹੋਇਆ ਜੇ ਮੋਹ ਦੇ ਰਿਸ਼ਤੇ ਮਰ ਚੁੱਕੇ, ਕੀ ਹੋਇਆ ਜੇ ਮੋਹ ਤੋਂ ਗਰਜ਼ਾਂ ਭਾਰੀ ਨੇ

ਹਾਲੇ ਵੀ ਜਗਦੇ ਨੇ ਦੀਪ ਉਮੀਦਾਂ ਦੇ, ਹਾਲੇ ਵੀ ਕੁਝ ਅੱਖਾਂ ਵਿਚ ਰੁਸ਼ਨਾਈ ਹੈ।"

ਦਸ਼ਮੇਸ਼ ਗਿੱਲ ਫਿਰੋਜ਼ ਆਪਣੇ ਵੱਖਰੇ ਅੰਦਾਜ਼ ਵਿਚ ਹਾਜਰ ਹੋਇਆ। ਉਸ ਦਾ ਸ਼ਿਅਰ ਸੀ ਕਿ-

"ਤੂੰ ਕਹਿੰਦਾ ਹੈਂ ਮਰ ਜਾਣਾ ਮੈਂ ਮਰ ਜਾਣਾ
ਮੌਤ ਨੇ ਜਦ ਸਾਹਵੇਂ ਆਉਣਾ ਤੂੰ ਡਰ ਜਾਣਾ"


ਹਰਦਮ ਸਿੰਘ ਮਾਨ ਨੇ ਕੋਰੋਨਾ ਦੌਰ ਦੀ ਉਦਾਸੀ ਨੂੰ ਆਪਣੇ ਸ਼ਿਅਰਾਂ ਰਾਹੀਂ ਪੇਸ਼ ਕੀਤਾ। ਉਸ ਦਾ ਕਹਿਣਾ ਸੀ ਕਿ-

"ਸਾਡੇ ਮਨਾਂ ਦੇ ਮੌਸਮ ਕਾਹਤੋਂ ਗਏ ਸਰਾਪੇ
ਧੁੱਪਾਂ ਉਦਾਸ ਹੋਈਆਂ, ਛਾਵਾਂ ਉਦਾਸ ਹੋਈਆਂ।"

ਜਸਵਿੰਦਰ ਨੇ ਆਪਣੀ ਬੇਹੱਦ ਖ਼ੂਬਸੂਰਤ ਗ਼ਜ਼ਲ ਰਾਹੀਂ ਮਹਿਫ਼ਿਲ ਦੇ ਕਾਵਿ ਮਾਹੌਲ ਨੂੰ ਸਿਖਰਾਂ ਤੇ ਪੁਚਾਇਆ। ਉਸ ਨੇ ਕਿਹਾ-

"ਉਡੀਕਾਂ 'ਚ ਜੀਣਾ ਵੀ ਕਾਹਦਾ ਹੈ ਜੀਣਾ, ਕਦੇ ਮੀਲ ਪੱਥਰ ਕਦੇ ਰੇਤ ਹੋਣਾ

ਪਲਾਂ ਵਿਚ ਬਿਖਰਨਾ ਤੇ ਗਰਦਸ਼ 'ਚ ਉੱਡਣਾ, ਮੇਰੀ ਹੋਂਦ ਇਉਂ ਪਾਰਾ ਪਾਰਾ ਨਾ ਹੋਵੇ"




# SACHKHAND TRAVELS PVT LTD!!!



## INDIA TO TORONTO/ VANCOUVER VIA SERBIA STARTS FR ONLY ₹125,000/ CAD 2050

## INDIA TO TORONTO/ VANCOUVER/ MONTREAL VIA MEXICO CITY STARTS FR ₹185,000/ CAD 3050




✓ Economy Class Airfare ✓ 02 PC Baggage ✓ 02 Nights in 4* Hotels ✓ Daily Breakfast ✓ RTPCR test at Mexico Airport ✓ 50,000 USD Travel Insurance for 14 days for Passengers below 40 years ✓ All Taxes

## CALL US FOR YOUR QUERIES:

**SACHKHAND TRAVELS PVT LTD!!!**

**IATA SINCE 1997**

IATA
International Air Transport Association
(IATA)

ADDRESS: B-5 DDA MARKET, LOCAL SHOPPING COMPLEX,
NEW RAJINDER NAGAR NEW DELHI-110060 INDIA
E-MAIL ID: JAIDEEP@SACHKHANDTRAVELS.COM

## CALL OR WHATSAPP ON: +91-9811697488


Rajan MANGOES
exclusively available
at
fruiticana
SINCE 1994
LOWEST PRICES IN TOWN
Extra Extra Super Special
RAJAN MANGOES
(HADEN AND ATAULFO) 4 kg
ਰਾਜਨ ਅੰਬ ਹੈਡਨ ਅਤੇ ਅਟੈਲਫੋਂ
$10.98 BOX
*Number of pieces depends on the weight
Sunbec Table Salt 1 kg
ਸਨਬਿੱਕ ਲੂਣ
99¢ ea.
Pink Lady Apples
ਪੀਂਕ ਲੇਡੀ ਐਪਲ
88¢ lb
Red Seedless Grapes
ਲਾਲ ਅੰਗੂਰ (ਬਿਨਾਂ ਬੀਜ ਤੋਂ)
$1.49 lb
Fresh Methi
ਤਾਜਾ ਮੇਥੀ
99¢ bunch
Indian Eggplants
ਦੇਸੀ ਬਤਾਊਂ
99¢ lb
Daikon
ਮੂਲੀ
88¢ lb
Green Bell Peppers
ਹਰੀ ਸ਼ਿਮਲਾ ਮਿਰਚਾਂ
98¢ lb
Roohafza (Indian) 750 ml
ਰੂਹ ਅਫਜ਼ਾ ਇੰਡੀਅਨ ਹਮਦਰਦ
$2.88 bottle
Extra Super Super Special
Fresh Cherries
ਤਾਜ਼ਾ ਚੈਰੀਆਂ
$1.98 lb
Extra Super Super Special
Okra Extra Fancy
ਭਿੰਡੀ ਐਕਸਟਰਾ ਫੈਂਸੀ
$1.99 lb
Super Special
Spinach
ਪਾਲਕ
2 bunches for $1.59
Super Special
Jumbo Cauliflower
ਵੱਡਾ ਗੋਬੀ ਦਾ ਫੁੱਲ
$1.99 ea.
Super Special
Fresh BC Tinda
ਤਾਜਾ ਬੀਸੀ ਟਿੰਡਾ
$1.49 lb
Super Special
Yellow Onions 50 lbs
ਪੀਲੇ ਗੰਢੇ
YELLOW ONION
$9.98 bag
Super Special
Roma & Round Tomatoes
ਗੋਲ ਜਾਂ ਰੋਮਾ ਟਮਾਟਰ
98¢ lb
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
Red Delicious Apples
ਲਾਲ ਸਵਾਦ ਸੇਬ
98¢ lb
Peaches & Nectarines
ਆੜੂ ਅਤੇ ਨਿਕਟੇਰੀਨਸ
$1.99 lb
Rapini (Sarson da Saag)
ਸਰਸੋਂ ਦਾ ਸਾਗ
$1.99 bunch
Red Onions 25 lbs
ਲਾਲ ਗੰਢੇ
RED ONIONS
$10.98 bag
Petha Kadhu
ਪੇਠਾ ਕੱਦੂ
99¢ lb
English Cucumbers BC
ਇੰਗਲਿਸ਼ ਖੀਰੇ ਬੀਸੀ
2 for 99¢
Large Cantaloupes
ਵੱਡੇ ਖਰਬੂਜੇ
2 for $3.00
Almonds
ਬਦਾਮ
$3.98 lb
Green Cardamom (Elaichi) MF
ਹਰੀ ਇਲਾਇਚੀ (ਐਮ.ਐਫ)
$26.99 lb
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Indican Punjabi Biscuits 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
KTC Pomace Olive Oil 3L
ਕੇ.ਟੀ.ਸੀ ਜੈਤੂਨ ਪੋਮੇਸ ਦਾ ਤੇਲ
$9.98 ea.
Indican Chickpeas Red Lentil Whole 4 lbs
ਇੰਡੀਕੇਨ ਚਿੱਟੇ ਛੋਲੇ ਮਸਰਾਂ ਦੀ ਸਾਬਤ ਦਾਲ
$2.99 bag
Golden Temple Flour 20 lbs
ਗੋਲਡਨ ਟੈਂਪਲ ਆਟਾ
$8.99 bag
Pesi Gur Plain
ਪੇਸ਼ੀ ਗੁੜ
$2.49 lb
Product images may differ from the actual product.
Thur June 24, 2021 - Wed June 30, 2021
We reserve the right to limit the quantities while they last
fruiticana hee jaana!
NEW LOCATION OPENING SOON
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 9 PM
7 DAYS A WEEK
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------- 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Surrey ------------ 12990 72nd Ave. -------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ----------------- 604-372-2023
Surrey ------------ 101-7228 192St. --------------- 604-575-3750
Abbotsford ------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. ---------------- 604-321-9931
Richmond-------- 4101 No.5 Rd. ------------------ 604-244-9520